**ਜ਼ਰੂਰੀ ਸੂਚਨਾ**

ਮਾਲਵਾ ਬਾਣੀ ਵਿੱਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸੰਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551



Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 3 ▪ ਅੰਕ 168 ▪ 13 ਸਤੰਬਰ 2024 ▪ ਸ਼ੁੱਕਰਵਾਰ ▪ ਸਫ਼ੇ 08 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ



**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜ਼ਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071


# ਸਰਕਾਰੀ ਹਸਪਤਾਲ ਵਿਚ ਪੂਰੇ ਦਿਨ ਰਹੀ ਹੜਤਾਲ ਐਮਰਜੈਂਸੀ ਅਤੇ ਸਜੇਰੀਅਨ ਕੇਸਾਂ 'ਚ ਕੰਮ ਕਾਜ਼ ਜਾਰੀ ਰਿਹਾ

## ਡਾਕਟਰਾਂ ਨੇ ਹੋਰਨਾਂ ਮੰਗਾਂ ਦੇ ਨਾਲ ਨਾਲ ਸੁਰੱਖਿਆ ਦੀ ਕੀਤੀ ਮੰਗ

**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਮੰਗਾਂ ਨੂੰ ਲੈਕੇ ਪੰਜਾਬ ਅੰਦਰ ਡਾਕਟਰਾਂ ਦਾ ਸੰਘਰਸ਼ ਅਜ ਚੌਥੇ ਦਿਨ ਵਿਚ ਦਾਖਿਲ ਹੋ ਗਿਆ ਹੈ। ਸੋਮਵਾਰ ਤੋਂ ਪੰਜਾਬ ਦੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਅੰਦਰ ਸ਼ੁਰੂ ਅੱਧੇ ਦਿਨ ਦੀ ਹੜਤਾਲ ਸੀ ਜੋ ਅੱਜ ਤੋਂ ਪੂਰੇ ਦਿਨ ਲਈ ਕਰ ਦਿੱਤੀ ਹੈ। ਡਾਕਟਰਾਂ ਵੱਲੋਂ ਹੜਤਾਲ ਕਰਕੇ ਮਰੀਜ਼ਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ । ਮਲੋਟ ਸਰਕਾਰੀ ਹਸਪਤਾਲ ਦੇ ਐਸ.ਐਮ.ਓ.ਡਾ.ਸੁਨੀਲ ਬਾਂਸਲ ਨੇ ਦੱਸਿਆ ਕਿ ਪੀ ਸੀ ਐਮ ਐਸ ਦੇ ਸੱਦੇ ਤੇ ਰਾਜ ਅੰਦਰ 2500 ਡਾਕਟਰਾਂ ਵੱਲੋਂ ਡਾਕਟਰਾਂ ਦੀ ਸਮੇਂ ਸਿਰ ਭਰਤੀ, ਡਾਕਟਰਾਂ ਦੀਆਂ ਤਨਾਖਾਹਾਂ ਅਤੇ ਬਣਦੇ ਭੱਤੇ , ਬਕਾਏ ਦੇਣ ਸਮੇਤ ਮੰਗਾਂ ਨੂੰ ਲੈਕੇ ਹੜਤਾਲ ਸ਼ੁਰੂ ਕੀਤੀ ਹੈ। ਸਭ ਤੋਂ ਵੱਡੀ ਮੰਗ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿਚ ਡਾਕਟਰਾਂ ਦੀ ਸੁਰੱਖਿਆ ਦੀ ਹੈ।ਕਿਸੇ ਵੀ ਹਸਪਤਾਲ ਜਾਂ ਸਿਹਤ ਕੇਂਦਰ ਵਿਚ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇਹਨਾਂ ਮੰਗਾਂ ਨੂੰ ਲੈਕੇ ਸੋਮਵਾਰ ਤੋਂ ਅੱਧੇ ਦਿਨ ਦੀ ਓ ਪੀ ਡੀ ਸੇਵਾ ਬੰਦ ਕਰਕੇ ਹੜਤਾਲ ਕੀਤੀ ਸੀ ਪਰ



ਕੱਲ ਐਸੋਸੀਏਸ਼ਨ ਦੇ ਆਗੂਆਂ ਦੀ ਸਿਹਤ ਮੰਤਰੀ ਸਮੇਤ ਕੈਬਨਿਟ ਦੀ ਸਬ ਕਮੇਟੀ ਨਾਲ ਮੀਟਿੰਗ ਤੋਂ ਬਾਅਦ ਸਰਕਾਰ ਨੇ ਲਿਖਤੀ ਨਹੀਂ ਦਿੱਤਾ। ਜਿਸ ਕਰਕੇ ਅੱਜ ਤੋਂ ਅਣਮਿਥੇ ਸਮੇਂ ਲਈ ਪੂਰੇ ਦਿਨ ਦੀ ਹੜਤਾਲ ਸ਼ੁਰੂ ਕੀਤੀ ਹੈ। ਉਹਨਾਂ ਦੱਸਿਆ ਕਿ ਇਸ ਹੜਤਾਲ ਦੇ ਬਾਵਜੂਦ ਗਾਇਨੀ ਸਮੇਤ ਐਮਰਜੈਂਸੀ ਸੇਵਾਵਾਂ, ਪੋਸਟ ਮਾਰਟਮ ਅਤੇ ਮੈਡੀਕਲ ਜਾਂਚ ਦਾ ਕੰਮ ਜਾਰੀ ਰਿਹਾ। ਇਸ ਮੌਕੇ ਡਾ.ਸੁਨੀਲ ਅਰੋੜਾ, ਡਾ.ਕੁਸ਼ਲਦੀਪ ਢਿੱਲੋਂ, ਡਾ.ਏਕਤਾ ਸਿਆਲ, ਡਾ.ਕਾਮਨਾ ਜਿੰਦਲ, ਡਾ.ਵਿਕਾਸ ਬਾਂਸਲ, ਡਾ.ਰਮਿਤੀ ਬਾਂਸਲ, ਡਾ.ਚੇਤਨ ਖੁਰਾਣਾ, ਡਾ.ਅਕ੍ਰਿਤੀ ਖੁਰਾਣਾ,ਡਾ.ਇੰਦੂ ਗੁਪਤਾ , ਡਾ.ਅੰਕੁਸ਼ ਅਤੇ ਡਾ.ਦਵਿੰਦਰ ਬਰਾੜ ਨੇ ਹੱਥਾਂ ਵਿਚ ਨਾਅਰਿਆਂ ਵਾਲੀਆਂ ਤਖਤੀਆਂ ਫੜ ਕਿ ਰੋਸ ਪ੍ਰਦਰਸ਼ਨ ਕੀਤਾ। ਉਧਰ ਓ ਪੀ ਡੀ ਲਈ ਪਰਚੀ ਲੈਣ ਵਾਲੇ ਕਾਊਂਟਰ ਨੂੰ ਬੰਦ ਕਰਕੇ ਓ ਪੀ ਡੀ ਲਈ ਹੜਤਾਲ ਦਾ ਬੋਰਡ ਲਟਕਿਆ ਹੋਇਆ ਸੀ ਜਿਸ ਮਰੀਜ਼ਾਂ ਦੀ ਖੱਜਲ ਖਰਾਬੀ ਅਤੇ ਪ੍ਰੇਸ਼ਾਨੀ ਵਿਚ ਵਾਧਾ ਹੋਇਆ ਹੈ।

## ਡਾਕਟਰਾਂ ਦੀ ਪੂਰੇ ਦਿਨ ਦੀ ਹੜਤਾਲ ਕਾਰਨ ਮਰੀਜ਼ਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ





**ਅੱਧੇ ਦਿਨ ਦੀ ਹੜਤਾਲ ਦੌਰਾਨ ਇਕ ਹਜ਼ਾਰ ਦੀ ਓਪੀਡੀ ਘੱਟ ਕੇ 500 ਰਹਿ ਗਈ**

ਸੋਮਵਾਰ ਤੋਂ ਸ਼ੁਰੂ ਡਾਕਟਰਾਂ ਦੀ ਹੜਤਾਲ ਅੱਜ ਚੌਥੇ ਦਿਨ ਹਸਪਤਾਲ ਅੰਦਰ ਚੈਕਅਪ ਕਰਾਉਣ ਲਈ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਘੱਟ ਗਈ ਹੈ। ਜਿਸ ਕਰਕੇ ਹਸਪਤਾਲ ਅੰਦਰ ਚੁੱਪ ਪਸਰੀ ਹੋਈ ਹੈ।ਪਰ ਇਸ ਦੇ ਬਾਵਜੂਦ ਹਸਪਤਾਲ ਪੁੱਜਦੇ ਅਨੇਕਾਂ ਲੋਕ ਖੱਜਲ ਹੋ ਰਹੇ ਹਨ। ਮਲੋਟ ਤੋਂ ਉਤਮ ਚੰਦ ਨਾਮਕ ਇਕ ਮਜਦੂਰ ਨੇ ਦੱਸਿਆ ਕਿ ਉਹ ਖਾਰਿਸ਼ ਦੀ ਦਵਾਈ ਲੈਣ ਆਇਆ ਹੈ। ਇਥੇ ਆਕੇ ਪਤਾ ਲੱਗਾ ਕਿ ਅੱਜ ਹੜਤਾਲ ਹੈ। ਉਸਦਾ ਕਹਿਣਾ ਸੀ ਕਿ ਉਹ ਦਿਹਾੜੀ ਕਰਦਾ ਹੈ ਅਤੇ ਕੰਮ ਛੱਡ ਕਿ ਉਹ ਦਵਾਈ ਲੈਣ ਆਇਆ ਹੈ ਪਰ ਉਸਨੂੰ ਖਾਲੀ ਮੁੜਨਾ ਪੈ ਰਿਹਾ ਹੈ। ਮੰਡੀ ਕਿੱਲਿਆਂਵਾਲੀ ਤੋਂ ਆਈ ਕਮਲੇਸ਼ ਨਾਮਕ ਔਰਤ ਦਾ ਕਹਿਣਾ ਸੀ ਕਿ ਉਸਦੇ ਪਤੀ ਰਾਮ ਕੁਮਾਰ ਅੱਖਾਂ ਨਾਲ ਸਬੰਧੀ ਮੈਡੀਕਲ ਦਾ ਕੰਮ ਸੀ। ਪਹਿਲਾਂ ਉਹ ਮੰਗਲਵਾਰ ਆਈ ਸੀ ਅਤੇ ਉਸਨੂੰ ਅੱਜ ਆਉਣ ਲਈ ਕਿਹਾ ਸੀ। ਪਰ ਅੱਜ ਹੜਤਾਲ ਹੋਣ ਕਰਕੇ ਉਸਨੂੰ ਕੋਈ ਡਾਕਟਰ ਨਹੀਂ ਮਿਲਿਆ। ਕਮਲੇਸ਼ ਘਰਾਂ ਵਿਚ ਸਫ਼ਾਈ ਦਾ ਕੰਮ ਕਰਦੀ ਹੈ । ਉਧਰ ਸਿਵਲ ਹਸਪਤਾਲ ਦੇ ਡਾਕਟਰਾਂ ਦਾ ਵੀ ਮੰਨਣਾ ਹੈ ਕਿ ਓ ਪੀ ਡੀ ਹੜਤਾਲ ਕਰਕੇ ਮਰੀਜ਼ਾਂ ਨੂੰ ਦਿੱਕਤਾ ਆ ਰਹੀਆਂ ਹਨ। ਡਾ.ਸੁਨੀਲ ਬਾਂਸਲ ਐਸ ਐਮ ਓ ਮਲੋਟ ਨੇ ਦੱਸਿਆ ਕਿ ਮਲੋਟ ਸਰਕਾਰੀ ਹਸਪਤਾਲ ਵਿਚ ਰੋਜ਼ਾਨਾ 1000 ਮਰੀਜ਼ ਚੈਕਅਪ ਲਈ ਆਉਂਦੇ ਸਨ। ਪਿਛਲੇ ਤਿੰਨ ਦਿਨ ਅੱਧੇ ਦਿਨ ਦੀ ਹੜਤਾਲ ਕਰਕੇ ਇਹਨਾਂ ਮਰੀਜ਼ਾਂ ਗਿਣਤੀ 500-600 ਰਹਿ ਗਈ। ਸਰਕਾਰੀ ਹਸਪਤਾਲਾਂ ਤੇ ਨਿਰਭਰ ਮਰੀਜ਼ਾਂ ਨੂੰ ਇਲਾਜ਼ ਲਈ ਨਿੱਜੀ ਡਾਕਟਰਾਂ ਕੋਲ ਜਾਣਾ ਔਖਾਂ ਲੱਗਦਾ ਹੈ। ਇਸ ਲਈ ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਹੱਲ ਕਰਨ ਦਾ ਐਲਾਨ ਕੀਤਾ ਜਾਵੇ ਤਾਂ ਜੋ ਹਸਪਤਾਲ ਅੰਦਰ ਲੋਕ ਸਰਕਾਰੀ ਸੇਵਾਵਾਂ ਸ਼ੁਰੂ ਹੋ ਸਕਣ।

# ਰੂਪਨਗਰ ਪੁਲਿਸ ਨੇ 35 ਲੱਖ ਰੁਪਏ ਦੇ ਮੋਬਾਇਲ ਚੋਰੀ ਦੀ ਵੱਡੀ ਘਟਨਾ ਕਰਨ ਵਾਲੇ ਨੌਜਵਾਨਾਂ ਨੂੰ ਕੀਤਾ ਗ੍ਰਿਫਤਾਰ





**ਰੂਪਨਗਰ, 12 ਸਤੰਬਰ (ਅਮਰਜੀਤ ਸਿੰਘ ਕਲਸੀ)** ਰੂਪਨਗਰ ਪੁਲਿਸ ਨੇ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਮੋਬਾਇਲ ਦੀ ਦੁਕਾਨ ਉਤੇ 35 ਲੱਖ ਰੁਪਏ ਦੇ ਮੋਬਾਇਲ ਚੋਰੀ ਕਰਨ ਦੀ ਵੱਡੀ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਗ੍ਰਿਫਤਾਰ ਕਰਕੇ ਇਸ ਮਾਮਲੇ ਨੂੰ ਹੱਲ ਕਰ ਦਿੱਤਾ। ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਆਈ.ਪੀ.ਐਸ. ਸ. ਗੁਲਨੀਤ ਸਿੰਘ ਖੁਰਾਣਾ ਨੇ ਪ੍ਰੈਸ ਕਾਨਫਰੰਸ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ 24 ਅਗਸਤ, 2024 ਦੀ ਰਾਤ ਨੂੰ ਅਣਜਾਣ ਵਿਅਕਤੀਆਂ ਵਲੋਂ ਰੂਪਨਗਰ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿੱਚ ਹੀਤਾਂਸ਼ੀ ਮੋਬਾਇਲ ਕੇਅਰ ਦੀ ਦੁਕਾਨ ਦੇ ਸ਼ਟਰ ਤੋੜ ਕੇ ਦੁਕਾਨ ਵਿੱਚੋਂ ਮੋਬਾਇਲ ਚੋਰੀ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ 2 ਵਿਅਕਤੀਆਂ ਵਲੋਂ ਦੁਕਾਨ ਵਿਚੋਂ 42 ਨਵੇਂ ਮੋਬਾਇਲ ਅਤੇ 95 ਪੁਰਾਣੇ ਮੋਬਾਇਲ ਚੋਰੀ ਕੀਤੇ ਗਏ ਸਨ ਅਤੇ ਇਸ ਦੇ ਨਾਲ ਹੀ ਇਨ੍ਹਾਂ ਵਲੋਂ 1 ਲੈਪਟਾਪ ਵੀ ਦੁਕਾਨ ਵਿਚੋਂ ਚੋਰੀ ਕੀਤਾ ਗਿਆ ਜਿਸ ਦਾ ਪਤਾ ਦੁਕਾਨਦਾਰ ਨੂੰ ਅਗਲੀ ਸਵੇਰ ਨੂੰ ਲੱਗਿਆ। ਸੀਨੀਅਰ ਕਪਤਾਨ ਪੁਲਿਸ ਨੇ ਕਿਹਾ ਕਿ ਰੂਪਨਗਰ ਸ਼ਹਿਰ ਦੀ ਇਸ ਵੱਡੀ ਚੋਰੀ ਦੀ ਘਟਨਾ ਨੂੰ ਹੱਲ ਕਰਨ ਲਈ ਕਪਤਾਨ ਪੁਲਿਸ (ਇੰਵੈ.) ਰੂਪਨਗਰ ਰੁਪਿੰਦਰ ਕੌਰ ਸਰਾਂ ਦੀ ਅਗਵਾਈ ਹੇਠ ਸਪੈਸ਼ਲ ਇੰਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ, ਜੋ ਮੁਕਦਮਾ ਦੀ ਤਫਤੀਸ਼ ਦੌਰਾਨ ਉਪ ਕਪਤਾਨ ਪੁਲਿਸ ਸਬ ਡਵੀਜਨ ਰੂਪਨਗਰ ਹਰਪਿੰਦਰ ਕੌਰ ਗਿੱਲ ਦੀ ਨਿਗਰਾਨੀ ਹੇਠ ਇੰਸਪੈਕਟਰ ਪਵਨ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਰੂਪਨਗਰ ਦੀ ਅਗਵਾਈ ਤਹਿਤ ਥਾਣਾ ਸਿਟੀ ਰੂਪਨਗਰ ਪੁਲਿਸ ਵਲੋਂ ਤਕਨੀਕੀ ਢੰਗ ਨਾਲ ਇਸ ਵੱਡੀ ਚੋਰੀ ਦੀ ਘਟਨਾ ਦੀ ਪੜਤਾਲ ਕੀਤੀ ਗਈ। ਸ. ਗੁਲਨੀਤ ਸਿੰਘ ਖੁਰਾਣਾ ਨੇ ਅੱਗੇ ਕਿਹਾ ਕਿ ਪੁਲਿਸ ਟੀਮ ਵਲੋਂ ਡੂੰਘਾਈ ਨਾਲ ਕੀਤੀ ਪੜਤਾਲ ਨਾਲ ਦੋਸ਼ੀਆਨ ਰਜਿੰਦਰ ਸਿੰਘ ਉਰਫ ਰਾਜੂ ਅਤੇ ਕਰਨਜੀਤ ਸਿੰਘ ਵਾਸੀ ਪਿੰਡ ਕੋਟਲਾ ਨਿਹੰਗ ਜਿਲਾ ਰੂਪਨਗਰ ਨੂੰ ਗ੍ਰਿਫਤਾਰ ਕਰਕੇ ਇੰਨਾ ਪਾਸੋ ਚੋਰੀ ਦੀ ਵਾਰਦਾਤ ਲਈ ਵਰਤਿਆ ਮੋਟਰਸਾਇਕਲ ਦੇ ਨਾਲ

## 42 ਨਵੇਂ ਮੋਬਾਇਲ, 94 ਪੁਰਾਣੇ ਮੋਬਾਇਲ ਤੇ ਲੈਪਟਾਪ ਸਮੇਤ ਆਈ.ਟਵੰਟੀ ਕਾਰ ਤੇ ਦੇਸੀ ਕੱਟਾ ਬ੍ਰਾਮਦ

ਚੋਰੀ ਦਾ ਸਮਾਨ ਜਿਸ ਵਿਚ 42 ਨਵੇਂ ਮੋਬਾਇਲ, 94 ਪੁਰਾਣੇ ਮੋਬਾਇਲ, 1 ਲੈਪਟਾਪ, 1 ਆਈ.ਟਵੰਟੀ ਕਾਰ, ਇੱਕ ਹਾਈਡਰੋਲਿਕ ਕਟਰ, ਇੱਕ ਪਲਾਜ਼ਮਾ ਕਟਰ, ਇੱਕ ਦੇਸੀ ਕੱਟਾ 32 ਬੋਰ ਸਮੇਤ 6 ਜ਼ਿੰਦਾ ਰੋਂਦ ਅਤੇ ਇੱਕ ਦਾਤਰ ਬ੍ਰਾਮਦ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਚੋਰੀ ਦੀ ਇਤਲਾਹ ਮਿਲਣ ਉਤੇ ਮੁਕੱਦਮਾ ਨੰਬਰ 172 ਮਿਤੀ 25 ਅਗਸਤ 2024 ਅ/ਧ 305, 331(4) ਬੀਐਨਐੱਸ ਥਾਣਾ ਨਾਂ ਸਿਟੀ ਰੂਪਨਗਰ ਬਰਖਿਲਾਫ ਨਾਂ ਮਾਲੂਮ ਵਿਅਕਤੀਆਂ ਦੇ ਦਰਜ ਰਜਿਸਟਰ ਕੀਤਾ ਗਿਆ ਸੀ।

ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਦੋਸ਼ੀਆ ਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਜਿੰਨ੍ਹਾ ਪਾਸੋ ਹੋਰ ਵੀ ਚੋਰੀ ਦੀਆਂ ਵਾਰਦਾਤਾਂ ਦੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਸੀਨੀਅਰ ਪੁਲਿਸ ਕਪਤਾਨ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਵਿਚ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਇਸੇ ਤਰ੍ਹਾਂ ਹੀ ਜਾਰੀ ਰਹੇਗੀ ਜੋ ਵੀ ਵੱਡਾ/ਛੋਟਾ ਵਿਅਕਤੀ ਕਾਨੂੰਨ ਦੀ ਉਲੰਘਣਾ ਕਰੇਗਾ ਉਸ ਖਿਲਾਫ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ ਅਤੇ ਰੂਪਨਗਰ ਪੁਲਿਸ ਲੋਕਾਂ ਦੇ ਜਾਨ ਮਾਲ ਦੀ ਇਫਾਜ਼ਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧਤਾ ਦੇ ਨਾਲ ਜ਼ਿੰਮੇਵਾਰੀ ਨੂੰ ਨਿਭਾਉਂਦੀ ਰਹੇਗੀ।

# ਮਲੋਟ 'ਚ ਨਰਮੇਂ ਦੀ ਖਰੀਦ ਸ਼ੁਰੂ 7154.25 ਪ੍ਰਤੀ ਕੁਵਿੰਟਲ ਵਿਕਿਆ ਨਰਮਾਂ



**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਮਲੋਟ ਅਨਾਜ ਮੰਡੀ ਵਿਚ ਅੱਜ ਨਰਮੇਂ ਦੀ ਖਰੀਦ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਅੱਜ ਮੰਡੀ ਵਿਚ ਕਿਸਾਨ ਵੱਲੋਂ ਲਿਆਂਦੀ ਪਹਿਲੀ ਢੇਰੀ ਦੀ ਖਰੀਦ ਕਰਕੇ ਮਾਰਕੀਟ ਕਮੇਟੀ ਮਲੋਟ ਵੱਲੋਂ ਨਰਮੇ ਦੀ ਖਰੀਦ ਦੇ ਕੰਮ ਦੀ ਸ਼ੁਰੂਆਤ ਕੀਤੀ ਹੈ। ਮਾਰਕੀਟ ਕਮੇਟੀ ਦੇ ਸਕੱਤਰ ਅਮਨਦੀਪ ਸਿੰਘ ਕੰਗ ਦੀ ਅਗਵਾਈ ਹੇਠ ਅੱਜ ਮਲੋਟ ਮੰਡੀ ਵਿਚ ਨਰਮੇਂ ਦੀ ਖਰੀਦ ਸ਼ੁਰੂ ਹੋ ਗਈ ਜਿਸ ਦਾ ਉਦਘਾਟਨ ਅੱਜ ਆੜਤੀ ਫਰਮ ਰਾਜਾ ਜੰਗ ਸਿੰਘ ਟਰੇਡਜ ਕੋਲ ਕਿਸਾਨ ਦਿਲਬਾਗ ਸਿੰਘ ਪੁੱਤਰ ਹਰੀ ਚੰਦ ਪਿੰਡ ਕਬਰਵਾਲਾ ਦੀ ਪੰਜ ਕੁਇੰਟਲ ਨਰਮੇਂ ਦੀ ਪਹਿਲੀ ਢੇਰੀ ਦੀ ਬੋਲੀ ਲਾ ਕੇ ਕੀਤਾ ਗਿਆ। ਅੱਜ ਕਿਸਾਨ ਵੱਲੋਂ ਵਿਕਰੀ ਲਈ ਲਿਆਂਦੀ ਗਈ ਨਰਮੇਂ ਦੀ ਢੇਰੀ ਆਰ ਐਸ ਕਾਟਨ ਫੈਕਟਰੀ ਦੇ ਮਾਲਕ ਰਾਮ ਕੁਮਾਰ ਰਾਮੀ ਅਤੇ ਨਰੇਸ਼ ਕੁਮਾਰ ਵੱਲੋਂ 7154.25 ਪ੍ਰਤੀ ਕੁਵਿੰਟਲ ਭਾਅ ਲਾਕੇ ਖਰੀਦ ਕੀਤੀ। ਇਸ ਮੌਕੇ ਤੇ ਮਾਰਕੀਟ ਕਮੇਟੀ ਮਲੋਟ ਦੇ ਸਕੱਤਰ ਅਮਨਦੀਪ ਸਿੰਘ ਕੰਗ, ਸੁਪਰਵਾਈਜ ਸੰਦੀਪ ਕੁਮਾਰ, ਅਤੇ ਬਲਜਿੰਦਰ ਸਿੰਘ ਅਤੇ ਕਿਸਾਨ ਅਤੇ ਆੜਤੀ ਹਾਜਰ ਸਨ।

# ਗੁੱਜਰ ਭਾਈਚਾਰੇ ਦੀਆਂ ਮੱਝਾਂ ਵੱਲੋਂ ਕਿਸਾਨੀ ਫਸਲਾਂ ਦਾ ਕੀਤਾ ਜਾ ਰਿਹਾ ਉਜਾੜਾ

**ਸ੍ਰੀ ਚਮਕੌਰ ਸਾਹਿਬ 12 ਸਤੰਬਰ (ਅਮਰਜੀਤ ਸਿੰਘ ਕਲਸੀ)** ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੀ ਹੋਈ ਮੀਟਿੰਗ ਵਿੱਚ ਕਿਸਾਨੀ ਪ੍ਰਤੀ ਆ ਰਹੀਆਂ ਸਮੱਸਿਆਵਾਂ ਵਾਰੇ ਵਿਚਾਰ ਚਰਚਾ ਕੀਤੀ ਜਿਵੇਂ ਕਿ ਗੁੱਜਰ ਭਾਈਚਾਰੇ ਦੀਆਂ ਮੱਝਾਂ ਵੱਲੋਂ ਕਿਸਾਨੀ ਫਸਲਾਂ ਦਾ ਕੀਤਾ ਜਾਂਦਾ ਉਜਾੜਾ ਪਿੰਡਾਂ ਦੀਆਂ ਸੋਸਾਇਟੀਆਂ ਵਿੱਚ ਹੁਣ ਤੱਕ ਸਰਕਾਰਾਂ ਤੋਂ ਡੀ ਏ ਪੀ ਖਾਦ ਦਾ ਕੋਈ ਪ੍ਰਬੰਧ ਨਹੀਂ ਹੋ ਸਕਿਆ ਤੇ ਦਿਨ ਪ੍ਰਤੀ ਦਿਨ ਖੇਤੀ ਸਮੱਸਿਆਵਾਂ ਵੱਧ ਰਹੀਆਂ ਹਨ ਪਰ ਸਰਕਾਰਾਂ ਹਰ ਫਰੰਟ ਤੇ ਫੇਲ ਰਹੀਆਂ ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਨੇ ਕਿਸਾਨਾਂ ਨੂੰ ਅਪੀਲ ਬੇਨਤੀ ਕੀਤੀ ਆਪਣੀ ਰਾਖੀ ਆਪ ਕਰਨੀ ਪਵੇਗੀ ਸਰਕਾਰਾਂ ਤੋਂ ਕੋਈ ਝਾਕ ਨਹੀਂ ਕਰਨੀ ਚਾਹੀਦੀ। ਸ਼ੰਭੂ ਬਾਰਡਰ ਖਨੌਰੀ ਬਾਰਡਰ ਤੇ ਚਲਦੇ ਮੋਰਚਿਆਂ ਨੂੰ ਲਗਭਗ 7 ਮਹੀਨੇ ਹੋ ਗਏ ਹਨ ਪਰ ਕਿਸਾਨੀ ਮੰਗਾਂ ਬਾਬਤ ਸਰਕਾਰਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ ਸੋ ਆਗੂਆਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਸ਼ੰਭੂ ਬਾਰਡਰ ਤੇ ਵੱਧ ਤੋਂ ਵੱਧ ਗਿਣਤੀ ਵਿੱਚ ਸਮੂਲੀਅਤ ਕਰਨੀ ਚਾਹੀਦੀ ਹੈ 15



ਸਤੰਬਰ ਨੂੰ ਹਰਿਆਣੇ ਦੇ ਜੀਂਦ ਜਿਲੇ ਦੀ ਉਚਾਨਾ ਦਾਣਾ ਮੰਡੀ ਵਿੱਚ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ ਇੱਕ ਵੱਡੀ ਕਿਸਾਨ ਪੰਚਾਇਤ ਕਰਾਈ ਜਾ ਰਹੀ ਹੈ ਜਿਸ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ੇਰ ਏ ਪੰਜਾਬ ਕਿਸਾਨ ਯੂਨੀਅਨ ਸਮੂਲੀਅਤ ਕਰੇਗੀ। ਇਸ ਸਮੇਂ ਪਿੰਡ ਮਕੜੋਨਾ ਕਲਾਂ ਦੀ ਇਕਾਈ ਦਾ ਗਠਨ ਕੀਤਾ ਗਿਆ ਜਿਸ ਵਿੱਚ ਗੁਰਸੇਵਕ ਸਿੰਘ ਇਕਾਈ ਪ੍ਰਧਾਨ, ਮੇਜਰ ਸਿੰਘ ਮੀਤ ਪ੍ਰਧਾਨ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ,ਹਰਪ੍ਰੀਤ ਸਿੰਘ, ਪਵਨਦੀਪ ਸਿੰਘ, ਜਸਵੀਰ ਸਿੰਘ ,ਸੰਤ ਸਿੰਘ ,ਹਰਸਪਿੰਦਰ ਸਿੰਘ ਬਲਵੀਰ ਸਿੰਘ, ਆਗੂ ਨਿਯੁਕਤ ਕੀਤੇ ਗਏ ਇਸੇ ਕੜੀ ਤਹਿਤ ਮਕੜੋਨਾ ਖੁਰਦ ਦੀ ਇਕਾਈ ਦਾ ਗਠਨ ਵੀ ਕੀਤਾ ਗਿਆ ਜਿਸ ਵਿੱਚ ਪ੍ਰਭਜੀਤ ਸਿੰਘ ਨੂੰ ਇਕਾਈ ਪ੍ਰਧਾਨ, ਕਰਨਬੀਰ ਸਿੰਘ, ਬਰਿੰਦਰ ਸਿੰਘ, ਸਿਮਰਨਜੀਤ ਸਿੰਘ ,ਸਤਿਨਾਮ ਸਿੰਘ , ਜਸਵਿੰਦਰ ਸਿੰਘ ਜੱਸਾ ਨੂੰ ਨਿਯੁਕਤ ਕਰਦੇ ਸਮੇਂ ਸੁਖਵਿੰਦਰ ਸਿੰਘ ਵਿਰਕ ਗੱਗੋ ਬਲਾਕ ਮੀਤ ਪ੍ਰਧਾਨ, ਹਰਭਜਨ ਸਿੰਘ ਖੇੜਾ , ਨਰਿੰਦਰ ਸਿੰਘ ਦੁਗਰੀ ਜ਼ਿਲ੍ਹਾ ਮੀਤ ਪ੍ਰਧਾਨ ਆਗੂ ਤੇ ਮੈਂਬਰ ਸਾਬ ਹਾਜ਼ਰ ਸਨ।

# ਕਾਲਜ ਦੀ ਪੂਰੀ ਫੀਸ ਦੀ ਰਕਮ ਹਾਸਲ ਕਰਕੇ ਜਾਅਲੀ ਰਸੀਦ ਦੇ ਕੇ ਨਹੀਂ ਭਰੀ ਫੀਸ

## ਧੋਖਾਧੜੀ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ, 12 ਸਤੰਬਰ (ਰਵੀਨਾ ਅਰੋੜਾ)** ਪੂਰੀ ਫੀਸ ਹਾਸਲ ਕਰਨ ਤੋਂ ਬਾਅਦ ਜਾਅਲੀ ਰਸੀਦ ਦੇ ਕੇ ਅਤੇ ਬਣਦੀ ਫੀਸ ਨਾ ਭਰਨ ਦੇ ਚਲਦਿਆਂ ਇਕ ਇਮੀਗ੍ਰੇਸ਼ਨ ਸੈਂਟਰ ਦੇ ਮਾਲਕ ਵਲੋਂ ਕਰੀਬ 10 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਜਿਸਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਇਮੀਗ੍ਰੇਸ਼ਨ ਸੈਂਟਰ ਦੇ ਮਾਲਕ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਸਤਵਿੰਦਰ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬਲਿਊ ਕੌਸਟ ਇਮੀਗ੍ਰੇਸ਼ਨ ਸਰਵਿਸ ਐਂਡ ਐਕਸਪ੍ਰੈਸ ਵੇਅ, ਕੋਟਕਪੂਰਾ ਦੇ ਮਾਲਕ ਡੇਵਿਡ ਅਰੋੜਾ ਨੇ ਮੇਰੇ ਅਤੇ ਮੇਰੇ ਲੜਕੇ ਨਾਲ ਧੋਖਾਧੜੀ ਕੀਤੀ ਅਤੇ ਵਿਦੇਸ਼ ਵਿਚ ਭੇਜ ਕੇ ਠੱਗੀ ਮਾਰੀ ਕਿਉਂਕਿ ਜਿਸ ਯੂਨੀਵਰਸਿਟੀ ਦੀ ਫੀਸ ਸਾਡੇ ਪਾਸੋਂ ਵਸੂਲ ਕੀਤੀ ਉਹ ਯੂਨੀਵਰਸਿਟੀ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਵਾਈ ਅਤੇ ਜਾਅਲੀ ਫਰਜੀ ਰਸੀਦ ਬਣਾ ਕੇ ਮੇਰੇ ਲੜਕੇ ਦੀ ਫਾਇਲ ਨਾਲ ਲਗਾ ਦਿੱਤੀ। ਜਿਸ ਕਰਕੇ ਮੇਰੇ ਲੜਕੇ ਨੂੰ ਯੂਨੀਵਰਸਿਟੀ ਵਿਚ ਅਡਮੀਸ਼ਨ ਨਾ ਹੋਣ ਕਰਕੇ ਵਾਪਸ ਭਾਰਤ ਆਉਣਾ ਪਿਆ ਤੇ ਮੇਰਾ ਲੜਕਾ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ। ਉਕਤ ਵਿਅਕਤੀ ਨੇ ਸਾਡੇ ਨਾਲ ਠੱਗੀ ਮਾਰੀ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਡੇਵਿਡ ਅਰੋੜਾ ਨੂੰ ਕੁੱਲ 16 ਲੱਖ 20 ਹਜਾਰ 351 ਰੁਪਏ ਵੱਖ ਵੱਖ ਤਰੀਕਾਂ ਨੂੰ ਉਸਦੇ ਖਾਤੇ ਵਿਚ ਜਮ੍ਹਾਂ ਕਰਵਾਏ। ਇਸਤੋਂ ਬਾਅਦ ਡੇਵਿਡ ਅਰੋੜਾ ਵਲੋਂ ਜੀਆਈਸੀ ਦੇ 6 ਲੱਖ 45 ਹਜਾਰ 840 ਰੁਪਏ ਸੁਮਿਤ ਸਿਡਾਨਾ ਦੇ ਕੈਨੇਡਾ ਦੇ ਖਾਤੇ ਵਿਚ ਟਰਾਂਸਫਰ ਕਰ ਦਿੱਤੇ ਸਨ। ਡੇਵਿਡ ਅਰੋੜਾ ਵਲੋਂ 60 ਹਜਾਰ ਰੁਪਏ ਆਪਣੀ ਫੀਸ ਵਜੋਂ ਹਾਸਲ ਕੀਤੇ ਗਏ। ਇਸਤੋਂ ਬਾਅਦ ਡੇਵਿਡ ਵਲੋਂ ਸੁਮਿਤ ਸਿਡਾਨਾ ਨੂੰ ਉਸਦੇ ਦਸਤਾਵੇਜ ਦਿੱਤੇ ਗਏ ਜਿਸ ਵਿਚ ਯੂਨੀਵਰਸਿਟੀ ਸਰੀ ਕੈਨੇਡਾ ਦੀ ਕਲਾਸ ਦੀਆਂ ਦੋਨੋਂ ਸ਼ਿਫ਼ਟਾਂ ਦੀ ਫੀਸ 5 ਹਜਾਰ ਡਾਲਰ ਕੈਨੇਡੀਅਨ ਅਤੇ 10 ਹਜਾਰ ਡਾਲਰ ਕੈਨੇਡੀਅਨ ਦੀਆਂ ਰਸੀਦਾਂ ਵੀ ਸਨ। 26 ਅਪ੍ਰੈਲ 2024 ਨੂੰ ਸੁਮਿਤ ਕੈਨੇਡਾ ਚਲਾ ਗਿਆ। ਜਿੱਥੇ ਉਸਨੂੰ ਪਤਾ ਲੱਗਾ ਕਿ ਦੋ ਸ਼ਿਫ਼ਟਾਂ ਵਿਚ ਭਰੀ ਜਾਣ ਵਾਲੀ ਫੀਸ ਦੀ ਪਹਿਲੀ ਕਿਸ਼ਤ 5 ਹਜਾਰ ਡਾਲਰ ਡੇਵਿਡ ਵਲੋਂ ਭਰੀ ਗਈ ਹੈ, ਜਿਸਦੀ ਰਸੀਦ ਕਾਲਜ ਵਲੋਂ ਸਹੀ ਪਾਈ ਗਈ ਜਦਕਿ 10 ਹਜਾਰ ਡਾਲਰ ਫੀਸ ਦੀ ਰਸੀਦ ਕਾਲਜ ਵਲੋਂ ਸਹੀ ਨਹੀਂ ਪਾਈ ਗਈ ਅਤੇ ਦੂਜੀ ਸ਼ਿਫ਼ਟ ਦੀ ਫੀਸ 10 ਹਜਾਰ ਡਾਲਰ ਡੇਵਿਡ ਵਲੋਂ ਨਹੀਂ ਭਰੇ ਗਏ। ਜਿਸ ਕਰਕੇ ਸੁਮਿਤ ਸਿਡਾਨਾ ਦੀ ਐਡਮੀਸ਼ਨ ਨਹੀਂ ਹੋ ਸਕੀ ਜਿਸਤੇ ਉਹ 5 ਜੂਨ ਨੂੰ ਭਾਰਤ ਵਾਪਸ ਆ ਗਿਆ। ਇਸਤੋਂ ਬਾਅਦ ਸੁਮਿਤ ਸਿਡਾਨਾ ਨੂੰ 2 ਹਜਾਰ ਡਾਲਰ ਜੀਆਈਸੀ ਦਾ ਵਾਪਸ ਹਾਸਲ ਹੋ ਚੁੱਕਾ ਹੈ ਅਤੇ ਜੀਆਈਸੀ ਦਾ 8 ਹਜਾਰ ਡਾਲਰ ਅਜੇ ਤੱਕ ਵਾਪਸ ਆਉਣਾ ਬਾਕੀ ਹੈ। ਡੇਵਿਡ ਅਰੋੜਾ ਵਲੋਂ ਉਹਨਾਂ ਪਾਸੋਂ ਲਏ ਗਏ ਬਾਕੀ 10 ਲੱਖ 34 ਹਜਾਰ 511 ਰੁਪਏ (ਸਮੇਤ 60 ਹਜਾਰ ਰੁਪਏ ਫੀਸ) ਵਾਪਸ ਨਹੀਂ ਕੀਤੇ। ਪੁਲਿਸ ਵਲੋਂ ਸ਼ਿਕਾਇਤਕਰਤਾ ਦੇ ਬਿਆਨਾਂ ਅਤੇ ਕੀਤੀ ਪੜਤਾਲ ਤੋਂ ਬਾਅਦ ਡੇਵਿਡ ਅਰੋੜਾ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀ ਦੀ ਗ੍ਰਿਫਤਾਰੀ ਬਾਕੀ ਹੈ।

# ਮੁਕਤਸਰ ਦੇ ਸਰਕਾਰੀ ਹਸਪਤਾਲ ਦੇ ਡਾਕਟਰ ਮੁਕੰਮਲ ਹੜਤਾਲ 'ਤੇ

## ਚੌਥੇ ਦਿਨ ਵੀ ਜਾਰੀ ਰਹੀ ਹੜਤਾਲ

**ਸ੍ਰੀ ਮੁਕਤਸਰ ਸਾਹਿਬ 12 ਸਤੰਬਰ (ਅਮਨ ਸ਼ਰਮਾ)** ਪਿਛਲੇ ਤਿੰਨ ਦਿਨਾਂ ਤੋਂ ਤਿੰਨ ਘੰਟੇ ਦੀ ਹੜਤਾਲ 'ਤੇ ਚੱਲ ਰਹੇ ਸਰਕਾਰੀ ਡਾਕਟਰਾਂ ਨੇ ਵੀਰਵਾਰ ਤੋਂ ਤਿੰਨ ਦਿਨਾਂ ਲਈ ਓਪੀਡੀ ਸੇਵਾਵਾਂ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਗਿਆਨੀ ਅਮਰ ਵਰਗੀਆਂ ਸੇਵਾਵਾਂ ਜਾਰੀ ਰਹਿਣਗੀਆਂ। ਇਸ ਦੌਰਾਨ ਸਿਵਲ ਹਸਪਤਾਲ ਮੁਕਤਸਰ ਦੇ ਡਾਕਟਰਾਂ ਨੇ ਸਰਕਾਰ ਖ਼ਿਲਾਫ਼ ਰੋਹ ਦਾ ਪ੍ਰਗਟਾਵਾ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਸਮੇਂ ਦੌਰਾਨ, ਕਿਸੇ ਵੀ ਡਾਕਟਰ ਦੁਆਰਾ ਕਿਸੇ ਵੀ ਕਿਸਮ ਦਾ ਕੋਈ ਵੀ ਮੈਡੀਕਲ ਸਰਟੀਫਿਕੇਟ, ਭਾਵੇਂ ਡਰਾਈਵਿੰਗ ਲਾਇਸੈਂਸ ਜਾਂ ਬੰਦੂਕ ਦਾ



ਲਾਇਸੈਂਸ ਜਾਂ ਨੌਕਰੀ ਲਈ ਹੋਵੇ, ਨਹੀਂ ਦਿੱਤਾ ਜਾਵੇਗਾ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾ: ਅਰਪਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਿਵਲ ਮੈਡੀਕਲ ਸਰਵਿਸ ਐਸੋ. ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜਦੋਂ ਤੱਕ 11 ਸਤੰਬਰ ਨੂੰ ਸਰਕਾਰ ਨਾਲ ਹਾਂ-ਪੱਖੀ ਗੱਲਬਾਤ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਹੁੰਦਾ, ਉਦੋਂ ਤੱਕ ਤੈਅ ਨਿਯਮਾਂ ਅਨੁਸਾਰ ਹੜਤਾਲ ਜਾਰੀ ਰਹੇਗੀ। 11 ਸਤੰਬਰ ਨੂੰ ਡਾਕਟਰਾਂ ਅਤੇ ਸਰਕਾਰ ਵਿਚਾਲੇ ਹੋਈ ਮੀਟਿੰਗ ਦੌਰਾਨ ਕੁਝ ਗੱਲਾਂ 'ਤੇ ਸਹਿਮਤੀ ਬਣੀ ਸੀ। ਐਸੋਸੀਏਸ਼ਨ ਵੱਲੋਂ ਹਸਪਤਾਲ ਵਿੱਚ ਡਾਕਟਰਾਂ ਅਤੇ ਮੈਡੀਕਲ ਸਟਾਫ਼ ਦੀ ਸੁਰੱਖਿਆ ਲਈ ਅਤੇ ਰੈਗੂਲਰ ਤਨਖ਼ਾਹਾਂ ਵਿੱਚ ਵਾਧੇ ਦੇ ਹੁਕਮ ਜਾਰੀ ਕਰਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਸਰਕਾਰ ਦੇ ਭਰੋਸੇ ਤੋਂ ਬਾਅਦ ਡਾਕਟਰਾਂ ਨੇ ਹੜਤਾਲ ਨੂੰ 3 ਪੜਾਵਾਂ ਵਿੱਚ ਬਦਲ ਦਿੱਤਾ, ਜਿਸ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ। ਪਹਿਲੇ ਪੜਾਅ ਵਿੱਚ ਓਪੀਡੀ ਸੇਵਾਵਾਂ 9 ਤੋਂ 11 ਸਤੰਬਰ ਅਤੇ ਸਵੇਰੇ 8 ਵਜੇ ਤੋਂ 11 ਸਤੰਬਰ ਤੱਕ ਬੰਦ ਰਹੀਆਂ। ਦੂਜਾ ਪੜਾਅ 12 ਸਤੰਬਰ ਤੋਂ 15 ਸਤੰਬਰ ਤੱਕ ਚੱਲਣ ਵਾਲਾ ਹੈ, ਜਿਸ ਵਿੱਚ ਓਪੀਡੀ ਸੇਵਾਵਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਹਨ। 16 ਸਤੰਬਰ ਤੋਂ ਬਾਅਦ ਤੀਜਾ ਪੜਾਅ ਹੋਵੇਗਾ, ਜਿਸ ਵਿੱਚ ਡਾਕਟਰ ਓਪੀਡੀ ਦੇ ਨਾਲ-ਨਾਲ ਮੈਡੀਕਲ ਲੀਗਲ ਕਰਨ ਤੋਂ ਸਾਫ਼ ਇਨਕਾਰ ਕਰ ਦੇਣਗੇ।

## ਚੈਕਅਪ ਨਾ ਹੋਣ ਦੇ ਚਲਦੇ ਮਰੀਜ਼ ਪਰੇਸ਼ਾਨ ਨਜ਼ਰ ਆਏ

ਡਾਕਟਰਾਂ ਦੀ ਹੜਤਾਲ ਦੇ ਚਲਦੇ ਹਸਪਤਾਲ ਵਿੱਚ ਆ ਰਹੇ ਮਰੀਜ਼ਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਡਾਕਟਰਾਂ ਦੁਆਰਾ ਮਰੀਜ਼ ਨਾ ਚੈੱਕ ਕਰਨ ਦੀ ਸਹੂਲਤ ਵਿੱਚ ਮਰੀਜ਼ ਕਾਫੀ ਪਰੇਸ਼ਾਨ ਨਜ਼ਰ ਆਏ ਅਤੇ ਉਹਨਾਂ ਨੂੰ ਬਿਨਾਂ ਚੈਕ ਅਪ ਕਰਵਏ ਹੀ ਵਾਪਸ ਪਰਤਣਾ ਪਿਆ।

# ਛਾਪਿਆਂਵਾਲੀ ਦੇ ਨੌਜਵਾਨ ਨੇ ਕੈਨੇਡਾ ਪਾਵਰ ਲਿਫਟਿੰਗ ਮੁਕਾਬਲੇ ਵਿਚ ਸੋਨ ਤਮਗਾ ਜਿੱਤਿਆ

**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਜੀ.ਟੀ.ਬੀ ਕਾਲਜ ਛਾਪਿਆਂਵਾਲੀ ਦੇ ਰਜਿਸਟਰਾਰ ਰਹੇ ਸ.ਜਸਬੀਰ ਸਿੰਘ ਸੇਖੋਂ ਦੇ ਨੌਜਵਾਨ ਬੇਟੇ ਅਰਸ਼ਦੀਪ ਸਿੰਘ ਸੇਖੋਂ ਨੇ ਕੈਨੇਡਾ ਦੀ ਧਰਤੀ ਤੇ ਸਸਕੈਚਵਨ ਸਟੇਟ, ਵਰਲਡ ਰਾਅ ਪਾਵਰ ਲਿਫਟਿੰਗ ਵਲੋਂ ਕਰਵਾਏ ਪਾਵਰ ਲਿਫਟਿੰਗ ਮੁਕਾਬਲੇ ਵਿਚ ਸੋਨ ਸਗਮਾ ਜਿੱਤ ਕੇ ਮਲੋਟ ਇਲਾਕੇ ਅਤੇ ਆਪਣੇ ਪਿੰਡ ਦਾ ਵਿਦੇਸ਼ ਪੱਧਰ ਤੇ ਚਮਕਾਇਆ ਹੈ।

ਜ਼ਿਕਰਯੋਗ ਹੈ ਕਿ ਪਿੰਡ ਛਾਪਿਆਂਵਾਲੀ ਨਿਵਾਸੀ ਅਰਸ਼ਦੀਪ ਸੇਖੋਂ ਨੇ ਕੰਬਾਈਨ ਟੋਟਲ 535 ਕਿੱਲੋ, ਡੈਡਲਿਫਟ ਬੈਂਚ ਸਕੁਆਟ ਨੂੰ ਪੂਰਾ ਕਰਕੇ ਇਹ ਗੋਲਡ ਮੈਡਲ ਆਪਣੇ ਨਾਮ ਕੀਤਾ ਹੈ। ਸਟੇਟ ਪੱਧਰ ਦੇ ਇਸ ਪਾਵਰ ਲਿਫਟਿੰਗ ਮੁਕਾਬਲੇ ਵਿੱਚ ਕੁੱਲ 29 ਪਾਵਰ ਲਿਫਟਰਾਂ ਨੇ ਹਿੱਸਾ ਲਿਆ। ਕਾਂਟੇ ਦੀ ਟੱਕਰ ਤੋਂ ਬਾਅਦ ਅਰਸ਼ਦੀਪ



ਸੇਖੋਂ ਨੂੰ ਜੇਤੂ ਐਲਾਨਿਆ ਗਿਆ। ਇੱਥੇ ਇਹ ਵੀ ਜਿਕਰਯੋਗ ਹੈ ਕਿ ਆਪਣੇਵਿਦਿਆਰਥੀ ਜੀਵਨ ਦੌਰਾਨ ਅਰਸ਼ਦੀਪ ਸੇਖੋਂ ਨੇ ਸਟੇਟ, ਯੂਨੀਵਰਸਿਟੀ ਤੇ ਆਲ ਇੰਡੀਆ ਯੂਨੀਵਰਸਿਟੀ ਦੀ ਬਾਕਸਿੰਗ ਚੈਂਪਿਅਨਸ਼ਿਪ ਜਿੱਤਣ ਤੋਂ ਬਾਦ ਪਾਵਰ ਲਿਫਟਿੰਗ ਵੱਲ ਪਰਤਿਆ ਹੈ। ਅਰਸ਼ਦੀਪ ਸੇਖੋਂ ਨੇ ਇਸ ਜਿੱਤ ਦਾ ਸਿਹਰਾ ਆਪਣੀ ਪਤਨੀ ਦਿਲਪ੍ਰੀਤ ਕੌਰ ਨੂੰ ਦਿੱਤਾ, ਜਿਸਨੇ ਅਰਸ਼ਦੀਪ ਸੇਖੋਂ ਨੂੰ ਘਰ-ਪਰਿਵਾਰ ਦੀਆਂ ਜੁੰਮੇਵਾਰੀਆਂ ਤੋਂ ਮੁਕਤ ਰੱਖ ਕੇ ਪ੍ਰੈਕਟਿਸ ਸ਼ਡਿਊਲ ਅਤੇ ਉਨ੍ਹਾਂ ਦੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਿਆ। ਇਸ ਮੁਬਾਰਕ ਮੌਕੇ ਗੁਰੂ ਤੇਗ ਬਹਾਦਰ ਐਜੂਕੇਸ਼ਨਲ ਟਰੱਸਟ, ਮਲੋਟ ਨੇ ਅਰਸ਼ਦੀਪ ਸੇਖੋਂ ਦੇ ਮਲੋਟ ਵਾਪਿਸ ਪਰਤਣ ਤੇ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ ਕੀਤਾ। ਇਸ ਤੋਂ ਲੋਕ ਰੰਗ ਮੰਚ ਮਲੋਟ ਦੇ ਸਮੂਹ ਅਹੁਦੇਦਾਰਾਂ ਤੇ ਇਲਾਕੇ ਦੇ ਪਤਵੰਤੇ = ਸੱਜਣਾ ਨੇ ਵੀ ਅਰਸ਼ਦੀਪ ਸੇਖੋਂ ਦੀ ਇਸ ਪ੍ਰਾਪਤੀ ਨੂੰ ਇਲਾਕੇ ਲਈ ਮਾਣ ਵਾਲੀ ਗੱਲ ਦੱਸਿਆ ਅਤੇ ਮੁਬਾਰਕਬਾਦ ਦਿੱਤੀ।

# ਮਹਿਲ ਕਲਾਂ 'ਚ ਚੋਰੀਆਂ ਦੀ ਭਰਮਾਰ, ਘਰ 'ਚੋਂ ਨਕਦੀ ਅਤੇ ਸੋਨੇ, ਚਾਂਦੀ ਦੇ ਗਹਿਣੇ ਚੋਰੀ

**ਮਹਿਲ ਕਲਾਂ, 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਖਿਆਲੀ ਰੋਡ ਉੱਪਰ ਪੈਂਦੀ ਕਾਲੋਨੀ 'ਚ ਚੋਰਾਂ ਵਲੋਂ ਇੱਕ ਪਰਵਾਸੀ ਮਜ਼ਦੂਰ ਦੇ ਘਰੋਂ ਅਲਮਾਰੀ ਦੀ ਭੰਨਤੋੜ ਕਰ ਕੇ ਨਕਦੀ, ਸੋਨਾ, ਚਾਂਦੀ ਦੇ ਗਹਿਣੇ ਚੋਰੀ ਕਰਕੇ ਲੈ ਜਾਣ ਦੀ ਖਬਰ ਮਿਲੀ ਹੈ । ਘਰ ਦੀ ਮਾਲਕਣ ਇਸਕਿਲੀ ਨੇ ਦੱਸਿਆ ਕਿ ਉਹ ਬੱਚਿਆਂ ਨੂੰ ਸਕੂਲੋਂ ਲੈਣ ਲਈ ਘਰੋਂ ਦੁਪਹਿਰੇ ਡੇਢ ਵਜੇ ਗਈ ਸੀ, ਜਦੋਂ ਬਾਜ਼ਾਰ ਦੇ ਸਾਰੇ ਕੰਮ ਕਰਨ ਉਪਰੰਤ ਉਹ 4 ਵਜੇ ਘਰ ਪਰਤੀ ਤਾਂ ਉਸ ਨੇ ਵੇਖਿਆ ਕਿ ਘਰ ਦੇ ਮੁੱਖ ਗੇਟ ਦਾ ਜਿੰਦਰਾ ਤੋੜਿਆ ਹੋਇਆ ਸੀ ।ਕਮਰੇ ਅੰਦਰ ਪਈ ਅਲਮਾਰੀ ਦੀ ਭੰਨ ਤੋੜ ਕਰ ਕੇ ਉਸ ਵਿਚ ਰੱਖੇ 21000 ਰੁਪਏ, ਦੋ ਤੋਲੇ ਸੋਨੇ, 15 ਤੋਲੇ ਚਾਂਦੀ ਦੇ ਗਹਿਣੇ ਅਤੇ ਇਕ ਮੋਬਾਈਲ ਚੋਰੀ ਹੋ ਚੁੱਕੇ ਸਨ ।ਪੀੜਤ ਪ੍ਰਵਾਸੀ ਮਹਿਲਾ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੇ ਬਹੁਤ ਲੰਬੇ ਸਮੇਂ ਵਿਚ ਸਖਤ ਮਿਹਨਤ ਕਰ ਕੇ ਆਪਣੇ ਬੱਚਿਆਂ ਲਈ ਇਹ



ਪੂੰਜੀ ਜੋੜੀ ਸੀ । ਉਹ ਆਪਣੇ ਪਤੀ ਨਾਲ ਬੱਸ ਸਟੈਂਡ ਮਹਿਲ ਕਲਾਂ ਦੇ ਚੌਕ ਵਿਚ ਜੂਸ ਅਤੇ ਗੋਲ ਗੱਪਿਆਂ ਦੀ ਰੇਹੜੀ ਲਾ ਕੇ ਸਖਤ ਮਿਹਨਤ ਕਰਕੇ ਪਰਿਵਾਰ ਪਾਲ ਰਹੇ ਹਨ। ਪ੍ਰਵਾਸੀ ਮਜ਼ਦੂਰ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਇਸ ਚੋਰੀ ਦੀ ਘਟਨਾ ਸੰਬੰਧੀ ਪੁਲਿਸ ਥਾਣਾ ਮਹਿਲ ਕਲਾਂ ਨੂੰ ਸੂਚਿਤ ਕਰ ਦਿੱਤਾ ਹੈ। ਮੁੱਖ ਅਫਸਰ ਇੰਸਪੈਕਟਰ ਕਮਲਜੀਤ ਸਿੰਘ ਗਿੱਲ ਨੇ ਪੁਲਿਸ ਪਾਰਟੀ ਸਮੇਤ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਚੋਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ । ਜ਼ਿਕਰਯੋਗ ਹੈ ਕਿ ਲੰਘੇ ਮੰਗਲਵਾਰ ਨੂੰ ਵੀ ਸਿਖਰ ਦੁਪਹਿਰੇ ਹੀ ਕਾਰ ਸਵਾਰਾਂ ਵਲੋਂ ਇਕ ਔਰਤ ਦੀਆਂ ਵਾਲੀਆਂ ਲਾਹ ਕੇ ਲੈ ਜਾਣ ਦੀ ਘਟਨਾ ਵਾਪਰੀ ਹੈ, ਲਗਾਤਾਰ ਵਾਪਰੀ ਇਹ ਦੂਸਰੀ ਚੋਰੀ ਦੀ ਵਾਰਦਾਤ ਕਰਕੇ ਲੋਕਾਂ ਵਿਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

# ਮੋਟਰਸਾਇਕਲ ਚੁੱਕਣ ਵਾਲੇ ਨੌਜਵਾਨ ਦੀ ਹਾਦਸੇ ਵਿੱਚ ਮੌਤ

**ਸ੍ਰੀ ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਮਾਛੀਵਾੜਾ ਤੋਂ ਇੱਕ ਨੌਜਵਾਨ ਮੋਟਰਸਾਈਕਲ ਚੋਰੀ ਕਰਕੇ ਭੱਜਿਆ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਅੱਗੇ ਮੌਤ ਉਸਦਾ ਇੰਤਜ਼ਾਰ ਕਰ ਰਹੀ ਹੈ। ਡੇਅਰੀ ਦਾ ਕੰਮ ਕਰਦੇ ਭਾਰਤੀ ਭੂਸ਼ਣ ਜੈਨ ਨੇ ਪੁਲਸ ਨੂੰ ਬਿਆਨ ਦਰਜ ਕਰਵਾਏ ਕਿ ਉਸ ਦੀ ਦੁਕਾਨ ਮਾਛੀਵਾੜਾ ਦੇ ਸਾਹਮਣੇ ਸਿਵ ਮੰਦਰ ਨੇੜੇ ਮੇਨ ਬਜ਼ਾਰ ਵਿੱਚ ਹੈ। ਲੰਘੀ 10 ਸਤੰਬਰ ਨੂੰ ਉਸਨੇ ਆਪਣਾ ਮੋਟਰਸਾਈਕਲ ਦੁਕਾਨ ਦੇ ਬਾਹਰ ਖੜ੍ਹਾ ਕੀਤਾ ਹੋਇਆ ਸੀ ਤੇ ਚਾਬੀ ਵਿਚ ਹੀ ਲੱਗੀ ਹੋਈ ਸੀ। ਰਾਤ ਨੂੰ ਕਰੀਬ 8.30 ਵਜੇ ਇੱਕ ਅਣਪਛਾਤੇ ਨੌਜਵਾਨ ਉਸਦੀ ਦੁਕਾਨ ਬਾਹਰੋਂ ਇਹ ਮੋਟਰਸਾਈਕਲ ਚੋਰੀ ਕਰਕੇ ਲੈ ਗਿਆ। ਪੁਲਿਸ ਵਲੋਂ ਭਾਰਤੀ ਭੂਸ਼ਣ ਜੈਨ ਦੇ ਬਿਆਨਾਂ 'ਤੇ ਅਣਪਛਾਤੇ ਨੌਜਵਾਨ ਵਿਰੁੱਧ ਚੋਰੀ ਦਾ ਮਾਮਲਾ ਦਰਜ ਕਰ ਲਿਆ। ਮੋਟਰਸਾਈਕਲ ਚੋਰੀ ਕਰਨ ਤੋਂ ਬਾਅਦ ਇਹ ਨੌਜਵਾਨ ਦੇਰ ਰਾਤ ਸਮਰਾਲਾ ਵੱਲ ਜਾ ਰਿਹਾ ਸੀ ਕਿ ਪਿੰਡ ਬਾਲਿਓਂ ਨੇੜੇ ਉਸਦਾ ਇਹ ਮੋਟਰਸਾਇਕਲ ਫਿਸਲ ਗਿਆ, ਜਿਸ ਕਾਰਨ ਉਹ ਦੁਰਘਟਨਾ ਦਾ ਸ਼ਿਕਾਰ ਹੋ ਕੇ ਉਹ ਗੰਭੀਰ ਰੂਪ ਵਿਚ ਜਖ਼ਮੀ ਹੋ ਗਿਆ, ਆਲੇ ਦੁਆਲੇ ਦੇ ਲੋਕਾਂ ਨੇ ਸਿਵਲ ਹਸਪਤਾਲ ਸਮਰਾਲਾ ਲਿਆਂਦਾ ਜਿੱਥੇ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਲੁਧਿਆਣਾ ਵੱਡੇ ਹਸਪਤਾਲ ਵਿਖੇ ਰੈਫ਼ਰ ਕਰ ਦਿੱਤਾ ਗਿਆ। ਅੱਜ ਇਲਾਜ ਦੌਰਾਨ ਉਹ ਨੌਜਵਾਨ ਜਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਮੌਤ ਦੇ ਮੂੰਹ ਵਿੱਚ ਚੱਲਿਆ ਗਿਆ। ਮਾਮਲੇ ਦੀ ਪੜ੍ਹਤਾਲ ਕਰ ਰਹੇ ਸਮਰਾਲਾ ਥਾਣਾ ਦੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਕ੍ਰਿਸ਼ਨ ਲਾਲ ਵਾਸੀ ਮਾਛੀਵਾੜਾ ਵਜੋਂ ਹੋਈ ਹੈ ਅਤੇ ਜਿਸ ਮੋਟਰਸਾਈਕਲ 'ਤੇ ਉਹ ਆ ਰਿਹਾ ਸੀ, ਉਹ ਚੋਰੀ ਕੀਤਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਵਾਰਸਾ ਨੂੰ ਸੂਚਿਤ ਕਰ ਦਿੱਤਾ ਗਿਆ ਹੈ, ਜਿਨ੍ਹਾਂ ਦੇ ਬਿਆਨ ਦਰਜ ਕਰ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਗਿੱਦੜਬਾਹਾ ਜਿਮਨੀ ਚੋਣ ਕਾਰਨ 7 ਡਾਕਟਰਾਂ ਦੀ ਨਿਯੁਕਤੀ ਤੇ ਆਦੇਸ਼ ਜਾਰੀ

**ਮਲੋਟ ਵਿਚ 7 ਈ ਐਮ ਓ ਦੀਆਂ ਪੋਸਟਾਂ ਤੇ ਸਿਰਫ ਦੋ ਤਾਇਨਾਤ ਉਨਾਂ ਵਿਚੋਂ ਵੀ ਇਕ ਗਿੱਦੜਬਾਹਾ ਲਾਇਆ**
**ਮਲੋਟ ਦੇ ਡਾਕਟਰਾਂ ਨੂੰ ਦੋ ਦਿਨ ਗਿੱਦੜਬਾਹਾ ਲਾਇਆ**
**ਮਲੋਟ, ਲੰਬੀ, ਗਿੱਦੜਬਹਾ ਅਤੇ ਕੋਟਕਪੂਰਾ ਤੋਂ ਲਿਆਂਦੇ ਡਾਕਟਰ**

**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਗਿੱਦੜਬਾਹਾ ਜਿਮਨੀ ਚੋਣ ਨੂੰ ਲੈ ਕੇ ਸਰਕਾਰ ਹਲਕੇ ਵਿਚ ਐਕਟਿਵ ਨਜ਼ਰ ਆਉਣ ਲੱਗੀ ਹੈ ਜਿਥੇ ਪਿੰਡਾਂ ਵਿਚ ਵਿਕਾਸ ਕਾਰਜ਼ਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ ਉਥੇ ਹੀ ਆਮ ਲੋਕਾਂ ਦੀ ਸਿਹਤ ਨਾਲ ਜੁੜਿਆਂ ਹਸਪਤਾਲ ਵਿਚ ਵੀ ਕੋਈ ਖਾਮੀ ਨਹੀ ਛੱਡ ਰਹੀ ਭਾਵੇਂ ਦੂਜਿਆਂ ਸ਼ਹਿਰਾਂ ਦੇ ਹਸਪਤਾਲਾਂ ਵਿਚੋਂ ਸਟਾਫ ਘੱਟ ਕਰਨਾ ਪਵੇ ਪਰ ਗਿੱਦੜਬਾਹਾ ਵਿਚ ਕੋਈ ਉਲਾਂਭਾ ਨਹੀ ਲੈਣਾ ਚਾਹੰਦੀ ਸਰਕਾਰ। ਸਰਕਾਰ ਜਿਮਨੀ ਚੋਣ ਕਰਕੇ ਗਿੱਦੜਬਾਹਾ ਹਲਕੇ ਤੇ ਵਿਸੇਸ਼ ਮਿਹਰਬਾਨੀ ਕੀਤੀ ਜਾ ਰਹੀ ਹੈ। ਵੱਖ ਵੱਖ ਸਰਕਾਰੀ ਹਸਪਤਾਲ ਵਿਚ 7 ਡਾਕਟਰਾਂ ਦੀ ਨਿਯੁਕਤੀ ਤੇ ਆਦੇਸ਼ ਜਾਰੀ ਕੀਤੇ ਹਨ। ਇਹਨਾਂ ਵਿਚੋਂ 3 ਮੈਡੀਕਲ ਅਫ਼ਸਰ ਅਤੇ 4 ਵੱਖ ਵੱਖ ਬਿਮਾਰੀਆਂ ਦੇ ਮਾਹਿਰ ਹਨ । ਪਰ ਇਸ ਲਈ ਮੁਕਤਸਰ ਜ਼ਿਲੇ ਨਾਲ ਸਬੰਧਤ 4 ਹਸਪਤਾਲਾਂ ਤੋਂ ਇਲਾਵਾ ਫਰੀਦਕੋਟ ਅਤੇ ਬਠਿੰਡਾ ਜ਼ਿਲੇ ਨਾਲ ਸਬੰਧਤ ਹਸਪਤਾਲਾਂ ਵਿਚੋਂ ਡਾਕਟਰਾਂ ਲਿਆ ਕਿ ਗਿੱਦੜਬਾਹਾ ਤਾਇਨਾਤ ਕੀਤਾ ਗਿਆ ਹੈ। ਪਰ ਜਿਹਨਾਂ ਹਸਪਤਾਲਾਂ ਤੋਂ ਇਹ ਡਾਕਟਰਾਂ ਨੂੰ ਬਦਲਿਆ ਗਿਆ ਹੈ ਉਥੇ ਕੋਈ ਨਿਯੁਕਤੀ ਨਹੀਂ ਹੋਈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਮਲੋਟ ਸਰਕਾਰੀ ਹਸਪਤਾਲ ਵਿਚ ਤਾਇਨਾਤ ਮੈਡੀਕਲ ਅਫ਼ਸਰ ਡਾ.ਰਜਿੰਦਰ ਸਿੰਘ ਨੂੰ ਗਿੱਦੜਬਾਹਾ ਤਬਦੀਲ ਕੀਤਾ ਹੈ। ਇਸ ਤਰ੍ਹਾਂ ਹੀ ਲੰਬੀ ਤੋਂ ਮੈਡੀਕਲ ਅਫ਼ਸਰ ਡਾ.ਸੈਮ ਸਿੱਧੂ ਦਾ ਵੀ ਗਿੱਦੜਬਾਹਾ ਸਰਕਾਰੀ ਹਸਪਤਾਲ ਵਿਚ ਤਬਾਦਲਾ ਕੀਤਾ ਗਿਆ ਹੈ। ਸਰਕਾਰੀ ਹਸਪਤਾਲ ਬਠਿੰਡਾ ਤੋਂ ਮੈਡੀਕਲ ਅਫ਼ਸਰ ਜਨਰਲ ਡਾ.ਸਤਪਾਲ ਸਿੰਘ ਵੀ ਗਿੱਦੜਬਾਹਾ ਨਿਯੁਕਤ ਕੀਤੇ ਹਨ। ਇਸ ਤੋਂ ਇਲਾਵਾ ਸਰਕਾਰੀ ਹਸਪਤਾਲ ਕੋਟਕਪੂਰਾ ਤੋਂ ਗਾਇਨੀ ਨਾਲ ਸਬੰਧਤ ਮੈਡੀਕਲ ਅਫ਼ਸਰ ਡਾ.ਮੀਨਾਕਸ਼ੀ ਡੰਡਵਾਲ ਦਾ ਗਿੱਦੜਬਾਹਾ ਤਬਾਦਲਾ ਕੀਤਾ ਹੈ। ਸਰਕਾਰੀ ਹਸਪਤਾਲ ਬਾਦਲ ਵਿਚ ਸਕਿੱਨ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਰਜੀਵ ਕੁਮਾਰ ਨੂੰ ਹਫਤੇ ਵਿਚ ਦੋ ਦਿਨ ਸ਼ੁੱਕਰਵਾਰ ਤੇ ਸ਼ਨੀਵਾਰ ਆਰਜੀ ਤੌਰ ਤੇ ਗਿੱਦੜਬਾਹਾ ਲਾਇਆ ਗਿਆ ਹੈ। ਮਲੋਟ ਸਰਕਾਰੀ ਹਸਪਤਾਲ ਅੱਖਾਂ ਦੇ ਮਾਹਿਰ ਡਾ.ਏਕਤਾ ਸਿਆਲ ਨੂੰ ਵੀ ਸ਼ੁੱਕਰਵਾਰ ਅਤੇ ਸ਼ਨੀਵਾਰ ਗਿੱਦੜਬਾਹਾ ਵਿਖੇ ਤਾਇਨਾਤ ਕੀਤਾ ਹੈ। ਸਿਵਲ ਹਸਪਤਾਲ ਬਠਿੰਡਾ ਤੋਂ ਮੈਡੀਸਨ ਤੇ ਮਾਹਿਰ ਡਾ.ਸਾਹਸ ਜਿੰਦਲ ਦਾ ਵੀ ਗਿੱਦੜਬਾਹਾ ਵਿਖੇ ਤਬਦਾਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਮਲੋਟ ਸਰਕਾਰੀ ਹਸਪਤਾਲ ਵਿਚ 7 ਐਮਰਜੈਂਸੀ ਮੈਡੀਕਲ ਅਫ਼ਸਰਾਂ ਦੀਆਂ ਪੋਸਟਾਂ ਹਨ ਜਿਹਨਾਂ ਵਿਚੋਂ ਸਿਰਫ ਦੋ ਹੀ ਡਾਕਟਰ ਤਾਇਨਾਤ ਸਨ । ਜਿਹਨਾਂ ਵਿਚੋਂ ਵੀ ਇਕ ਹੋਰ ਗਿੱਦੜਬਾਹਾ ਬਦਲ ਦਿੱਤਾ ਹੈ। ਇਸ ਸਬੰਧੀ ਪਹਿਲਾਂ ਹੀ ਮਾਹਿਰਾਂ ਨੂੰ ਐਮਰਜੈਂਸੀ ਵਿਚ ਲਾਇਆ ਜਾ ਰਿਹਾ ਸੀ ਪਰ ਜਦ ਕਿ ਗਿੱਦੜਬਾਹਾ ਹਸਪਤਾਲ ਵਿਚ ਇਕੱਲੇ ਐਮਰਜੈਂਸੀ ਲਈ ਤਿੰਨ ਮੈਡੀਕਲ ਅਫ਼ਸਰ ਨਵੇਂ ਤਾਇਨਾਤ ਕੀਤੇ ਹਨ।

# ਨੌਜਵਾਨਾਂ ਨੇ ਜੱਸੋਵਾਲ ਵਿਖੇ ਸਲਾਨਾ ਦੰਗਲ ਮੇਲੇ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ



**ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਨੇੜਲੇ ਪਿੰਡ ਜੱਸੋਵਾਲ ਵਿਖੇ ਗੁਗਾ ਜ਼ਾਹਰ ਵੀਰ ਦੀ ਯਾਦ ਵਿੱਚ ਕਰਵਾਈ ਜਾਂਦੇ ਸਲਾਨਾ ਦੰਗਲ ਮੇਲੇ ਵਿੱਚ ਪੁੱਜੀਆਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸਵ: ਗੁਰਪ੍ਰੀਤ ਸਿੰਘ ਬੱਬੂ ਅਤੇ ਪਿਆਰਾ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਛਬੀਲ ਦੀ ਸੇਵਾ ਕੀਤੀ ਗਈ ਅਤੇ ਬੜੇ ਪਿਆਰ ਅਤੇ ਸਤਿਕਾਰ ਨਾਲ ਸੰਗਤਾਂ ਨੂੰ ਜਲ ਛਕਾਇਆ। ਨੌਜਵਾਨਾਂ ਵੱਲੋਂ ਦੰਗਲ ਮੇਲੇ ਤੇ ਪੁੱਜੀਆਂ ਸੰਗਤਾਂ ਲਈ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਸੰਗਤਾਂ ਨੇ ਧੰਨਵਾਦ ਵੀ ਪ੍ਰਗਟ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਤਾਰ ਸਿੰਘ ਜੱਸੋਵਾਲ, ਡਾਕਟਰ ਸੁਰਿੰਦਰ ਸਿੰਘ, ਸਪਿੰਦਰ ਸਿੰਘ ਦੋਧੀ, ਮਨਪ੍ਰੀਤ ਸਿੰਘ, ਸਰਬਜੋਤ ਸਿੰਘ, ਗੁਰਜੋਤ ਸਿੰਘ, ਤਜਿੰਦਰਪਾਲ ਸਿੰਘ ਜਰਮਨ, ਤੇਜ ਪ੍ਰਕਾਸ਼ ਸਿੰਘ ਕਨੇਡਾ, ਜਸਪ੍ਰੀਤ ਕੇਨੇਡਾ, ਜਗਦੇਵ ਸਿੰਘ, ਅਨਵੀਰ ਸਿੰਘ, ਦਰਸ਼ਨ ਸਿੰਘ, ਜਗਦੇਵ ਸਿੰਘ ਸਰਪੰਚ, ਸੁਖਵਿੰਦਰ ਸਿੰਘ ਸੋਨੀ, ਗੁਰਮੇਲ ਸਿੰਘ ਠੇਕੇਦਾਰ, ਲੇਖਰਾਜ ਲੰਬੜਦਾਰ, ਸੁਖਵੰਤ ਸਿੰਘ, ਗੁਰਵਿੰਦਰ ਸਿੰਘ, ਦਿਲਬਾਗ ਬਿੱਟੂ, ਰਵੀ ਸਿੰਘ, ਦਿਲਬਾਗ ਸਿੰਘ ਪੰਚ, ਅਵਤਾਰ ਸਿੰਘ ਪ੍ਰਾਪਰਟੀ ਡੀਲਰ, ਅਮਰੀਕ ਸਿੰਘ, ਬਲਜੀਤ ਸਿੰਘ, ਅਜਮੇਰ ਸਿੰਘ, ਹਰਪ੍ਰੀਤ ਸਿੰਘ ਸੈਕਟਰੀ ਤੇ ਅਜਮੇਰ ਸਿੰਘ ਸੋਨੀ ਵੀ ਮੌਜੂਦ ਸਨ।

# ਗੁੱਗਾ ਨੌਮੀ ਤੇ ਲੱਗਿਆ ਗੁੱਗਾ ਪੀਰ ਦਾ ਮੇਲਾ



**ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਸ਼ਹਿਰ ਦੇ ਰਤੀਪੁਰ ਮਾਰਗ ਤੇ ਸਥਿਤ ਗੁੱਗਾ ਮਾੜੀ ਤੇ ਅੱਜ ਗੁੱਗਾ ਨੌਮੀ ਦੇ ਮੌਕੇ ਤੇ ਸਲਾਨਾ ਮੇਲਾ ਲੱਗਿਆ। ਜਿਸ ਵਿੱਚ ਸ਼ਹਿਰ ਵਾਸੀਆ ਨੇ ਤੜਕੇ ਸਵੇਰੇ ਹੀ ਮਾੜੀ ਦੇ ਵਿਹੜੇ ਵਿੱਚ ਲੋਕਾਂ ਦੀਆ ਲੰਬੀਆਂ ਲੰਬੀਆਂ ਕਤਾਰਾਂ ਲੱਗਣੀਆ ਸ਼ੁਰੂ ਹੋ ਗਈਆ। ਵਾਲਮੀਕੀ ਭਾਈਚਾਰੇ ਨਾਲ ਸਬੰਧਤ ਤੇ ਪ੍ਰਬੰਧਕੀ ਕਮੇਟੀ ਮੈਬਰਾਂ ਵਿੱਚੋ ਮੁੱਖ ਸੇਵਾਦਾਰ ਸਾਬਕਾ ਕੌਂਸ਼ਲਰ ਮੰਗਤ ਰਾਏ ਬਾਲੀ ਨੇ ਦੱਸਿਆ ਕਿ ਪਿਛਲੇ 45 ਸਾਲਾਂ ਤੋ ਹਰ ਸਾਲ ਗੁੱਗਾ ਨੌਮੀ ਵਾਲੇ ਦਿਨ ਇੱਥੇ ਭਾਰੀ ਤਦਾਦ ਵਿਚ ਸ਼ਹਿਰ ਵਾਸੀ ਗੁੱਗਾ ਪੀਰ ਦੀ ਜਗਾ ਤੇ ਨਤਮਸ਼ਤਕ ਹੋਣ ਲਈ ਪਹੁੰਚਦੇ ਹਨ, ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਲੋਕਾਂ ਪੀਰ ਬਾਬੇ ਨੂੰ ਪੁੱਜਣ ਲਈ ਆਪਣੇ ਆਪਣੇ ਘਰ ਤੋ ਆਟੇ ਦੀਆ ਬਣੀਆ ਸੇਵੀਆਂ ਲੈ ਕੇ ਮੱਥਾ ਟੇਕਦੇ ਹਨ। ਪਿਛਲੇ ਦੋ ਤਿੰਨ ਸਾਲਾਂ ਤੋ ਇਸ ਜਗਾ ਤੇ ਲੱਖਾ ਰੁਪਏ ਖ਼ਰਚ ਕੇ ਨਵਾ ਨਿਰਮਾਣ ਵੀ ਕਰਵਾਇਆ ਗਿਆ। ਕਮੇਟੀ ਦੇ ਮੈਬਰਾ ਨੇ ਦੱਸਿਆ ਕਿ ਵੱਖ ਵੱਖ ਗਾਇਨ ਕਰਨ ਵਾਲੀਆ ਪਾਰਟੀਆ ਨੇ ਅੱਜ ਦੁਪਿਹਰ ਤੱਕ ਬਾਬਾ ਜੀ ਦਾ ਗੁਣਗਾਣ ਕੀਤਾ। ਉਨ੍ਹਾ ਸ਼ਹਿਰ ਵਾਸੀਆਂ ਨੂੰ ਇਸ ਧਾਰਮਿਕ ਕੰਮ ਵਿਚ ਵੱਧ ਚੜ੍ਹ ਕੇ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਪ੍ਰਬੰਧਕਾਂ ਵਿੱਚ ਸੇਵਾ ਕਰਨ ਵਾਲਿਆਂ ਵਿੱਚ ਸਾਬਕਾ ਕੌਂਸ਼ਲਰ ਮੰਗਤ ਰਾਏ ਦੇ ਨਾਲ ਪ੍ਰਧਾਂਨ ਪਵਨ ਕੁਮਾਰ ਵਿਪਨ,ਜਗਰੂਪ ਸਿੰਘ ਰੂਪਾ,ਵਿਪਨ ਕੁਮਾਰ, ਨੰਦ ਲਾਲ ਨੰਦੂ,ਗਗਨਪ੍ਰੀਤਠ ਬਿੰਦਰ ਹੰਸ,ਬਿੰਦਰ ਜੱਗਾ, ਲੱਕੀ ਲਵਪ੍ਰੀਤ, ਪਾਰਸ ਬਾਲੀ, ਮੰਨਾ, ਵਿੱਕੀ ਕੁਮਾਰ, ਵਿੱਕੀ ਸਹੋਤਾ,ਜਗਜੀਤ ਸਿੰਘ,ਪਾਰਸ ਸਿੰਘ ਵੀ ਮੌਜੂਦ ਸਨ।

# ਪੰਜਾਬ ਦੇ ਸੱਭਿਆਚਾਰਕ ਮੇਲਿਆਂ ’ਚ ਵੱਡਾ ਨਾਂਅ ‘ਮੇਲਾ ਕਠਾਰ ਦਾ’

**ਦਰਗਾਹ ਬਾਬਾ ਨਬੀ ਬਖਸ਼ ਪਿੰਡ ਕਠਾਰ ਵਿਖੇ ਦੋ ਰੋਜ਼ਾ ਮੇਲਾ ਅੱਜ ਤੋਂ**



ਪੰਜਾਬ ਦੀ ਧਰਤੀ ਪੀਰਾਂ-ਫਕੀਰਾਂ, ਸੰਤਾਂ ਮਹਾਤਮਾ ਤੇ ਗੁਰੂਆਂ ਦੀ ਧਰਤੀ ਹੈ। ਇਸ ਧਰਤੀ ਨੂੰ ਜਿੱਥੇ-ਜਿੱਥੇ ਵੀ ਇਨਾਂ ਮਹਾਂਪੁਰਸ਼ਾਂ ਦੀ ਚਰਨ ਛੂਹ ਪ੍ਰਾਪਤੀ ਹੋਈ ਹੈ ਉਹ ਥਾਂਵਾਂ ਇਤਿਹਾਸਿਕ ਬਣੀਆਂ ਹਨ ਤੇ ਉਥੇ ਮੁੱਢ ਤੋਂ ਹੀ ਮੇਲੇ ਲੱਗਦੇ ਆ ਰਹੇ ਹਨ। ਦਰਗਾਹ ਬਾਬਾ ਨਬੀ ਬਖਸ਼ ਪਿੰਡ ਕਠਾਰ (ਆਦਮਪੁਰ) ਵੀ ਇਨਾਂ ਸਥਾਨਾਂ ਚੋਂ ਇਕ ਹੈ ਜੋ ਕਿ ਨਾਮ ਦੀ ਕਮਾਈ ਵਾਲੀ ਸੱਚੀ ਰੂਹ ਬਾਬਾ ਨਬੀ ਬਖਸ਼ ਨਾਲ ਸਬੰਧਿਤ ਹੈ। ਇਸ ਸਥਾਨ ਤੇ ਹਰ ਸਾਲ ਵੱਡਾ ਮੇਲਾ ਲੱਗਦਾ ਹੈ ਜਿੱਥੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ‘ਚ ਸੰਗਤਾਂ ਨਮਸਤਕ ਹੁੰਦੀਆਂ ਹਨ। ਇਸ ਮੇਲੇ ਦੌਰਾਨ ਪੋਲੀਵੁੱਡ ਇੰਡਸਟਰੀ ਦੀ ਮਾਣਮੱਤੀ ਸ਼ਖ਼ਸੀਅਤ, ਫਿਲਮ ਨਿਰਮਾਤਾ ਭਾਨਾ ਐਲ.ਏ ਅਤੇ ਹੰਬਲ ਮਿਊਜ਼ਿਕ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਇਕ ਵੱਡਾ ਸੱਭਿਆਚਾਰਕ ਮੇਲਾ ਕਰਵਾਇਆ ਜਾਂਦਾ ਹੈ ਜਿੱਥੇ ਪੰਜਾਬ ਦੇ ਅਨੇਕਾਂ ਸਟਾਰ ਕਲਾਕਾਰ ਆਪਣੀ ਹਾਜ਼ਰੀ ਭਰਦੇ ਹੋਏ ਗਾਇਕੀ ਦੇ ਜੌਹਰ ਦਿਖਾਉਦੇਂ ਹਨ। ਜ਼ਿਕਰਯੋਗ ਹੈ ਕਿ ਇਹ ਮੇਲਾ ਪੰਜਾਬ ਦੇ ਉੱਚ ਚੋਟੀ ਦੇ ਸੱਭਿਆਚਾਰਕ ਮੇਲਿਆਂ ‘ਚ ਪਹਿਲੇ ਸਥਾਨ ਤੇ ਹੈ ਜਿੱਥੇ ਹਰ ਸਾਲ 3 ਦਰਜਨ ਦੇ ਕਰੀਬ ਵੱਡੇ ਨਾਮੀ ਕਲਾਕਾਰ ਆਪਣੀ ਹਾਜ਼ਰੀ ਭਰਦੇ ਹਨ। ਮੇਲਾ ਕਠਾਰ ਦਾ ਹੁਣ ਆਪਣੇ 27ਵੇਂ ਸਾਲ ਵਿਚ ਪਹੁੰਚ ਗਿਆ ਹੈ ਜੋ ਕਿ ਅੱਜ 13 ਸਤੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ।ਇਸ ਮੌਕੇ ਪੰਜਾਬ ਦੇ ਨਾਮੀ ਗਾਇਕ ਕਰਮਜੀਤ ਅਨਮੋਲ, ਮਾਸਟਰ ਸਲੀਮ, ਗੁਲਾਬ ਸਿੱਧੂ, ਗੁਰਲੇਜ਼ ਅਖਤਰ, ਕੁਲਵਿੰਦਰ ਕੈਲੀ, ਜੈਲੀ, ਜੀ ਖਾਨ, ਹੈਪੀ ਰਾਏਕੋਟੀ, ਦਿਲਪ੍ਰੀਤ ਢਿਲੋਂ, ਸਿੰਘਾ, ਜੈਸਮੀਨ ਅਖਤਰ, ਸਲੀਨਾ ਸ਼ੈਲੀ, ਹਸਮਤ ਸੁਲਤਾਨਾ, ਸੰਗਰਾਮ, ਰਣਵੀਰ, ਸਤਕਾਰ ਸੰਧੂ, ਮਨਜੀਤ ਸਹੋਤਾ, ਬਾਗੀ, ਰਵਾਬ,ਦੀਪ ਬਾਜਵਾ, ਅਮਰ ਜਲਾਲ, ਟੀਪੂ ਸੁਲਤਾਨ, ਦਰਸ਼ਨਜੀਤ ਸਿੰਘ,ਸਾਭਾ, ਜਾਫਰ, ਪੱਪੀ ਗਿੱਲ ਅਤੇ ਹੁਸਨ ਆਦਿ ਕਲਾਕਾਰ ਆਪਣੀ ਗਾਇਕੀ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਦੱਸ ਦਈਏ ਕਿ ਪਿੰਡ ਕਠਾਰ ਜਲੰਧਰ ਤੋਂ ਹੁਸ਼ਿਆਰਪੁਰ ਰੋਡ ਤੇ ਸਥਿਤ ਹੈ।

**ਹਰਜਿੰਦਰ ਸਿੰਘ ਜਵੰਦਾ**

# ਰੋਟਰੀ ਕਲੱਬ ਵਲੋਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਲਗਾਇਆ ਗਿਆ ਵਿਸ਼ਾਲ ਕੈਂਪ

**ਫ਼ਰੀਦਕੋਟ, 12 ਸਤੰਬਰ (ਟਿੰਕੂ ਕੁਮਾਰ)** :- ਰੋਟਰੀ ਕਲੱਬ ਵੱਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਦਸਮੇਸ਼ ਡੈਂਟਲ ਇਨਸਟੀਚਿਊਟ ਆਫ਼ ਰੀਸਰਚ ਐਂਡ ਡੈਂਟਲ ਸਾਇੰਸਜ਼ ਅਤੇ ਜਿੰਦਲ ਹੈਲਥ ਕੇਅਰ ਦੇ ਸਹਿਯੋਗ ਨਾਲ ਵਿਸ਼ਾਲ ਮੈਡੀਕਲ ਕੈਂਪ ਸਰਕਾਰੀ ਪ੍ਰਾਇਮਰੀ ਸਕੂਲ ਨਾਨਕਸਰ ਬਸਤੀ, ਫਿਰੋਜ਼ਪੁਰ ਰੋਡ, ਫ਼ਰੀਦਕੋਟ ਵਿਖੇ ਲਗਾਇਆ ਗਿਆ। ਇਸ ਮੌਕੇ ਕੈਂਪ ਦੇ ਮੁੱਖ ਮਹਿਮਾਨ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਜ਼ਰ ਹੋਏ। ਕੈਂਪ ਦੇ ਚੇਅਰਮੈਨ ਗਗਨਦੀਪ ਸਿੰਗਲਾ ਅਤੇ ਡਾ. ਸ਼ਮੀਨ ਮੋਗਾ ਸਨ। ਕੈਂਪ ਦੌਰਾਨ ਡਾ.ਪ੍ਰਦੀਪ ਗਰਗ ਮੁਖੀ ਕੈਂਸਰ ਵਿਭਾਗ, ਡਾ.ਗਗਨ ਬਜਾਜ, ਡਾ. ਦਾਨਿਸ਼ ਜਿੰਦਲ, ਡਾ.ਪ੍ਰਾਚੀ ਸ਼ਰਮਾ, ਡਾ.ਪ੍ਰਭਜੋਤ ਕੌਰ, ਡਾ.ਨਵਜੋਤ ਸਿੰਘ, ਡਾ.ਅੰਕੁਮਿਤਾ ਬੋਰਡੋਈ, ਡਾ. ਸ਼ੀਨਾਂ ਮੱਟੂ, ਡਾ.ਰਣਜੋਧ, ਡਾ.ਬਿਕਰਮਜੀਤ, ਡਾ.ਸੋਫ਼ੀਆ, ਡਾ.ਦੀਪਾਲੀ, ਡਾ.ਰਾਮ ਮੇਹਰ ਸ਼ਰਮਾ, ਡਾ.ਸੁਗੰਧੀ, ਡਾ.ਗਰਿਮਾ ਮੱਲ, ਡਾ.ਨਿਸ਼ਚੈ ਨਾਗਪਾਲ, ਡਾ.ਪ੍ਰਾਨਵ ਬਾਂਸਲ ਅਤੇ ਡਾ.ਪਿਊਸ਼ ਬਾਂਸਲ ਨੇ ਮਰੀਜ਼ਾਂ ਦਾ ਤਸੱਲੀਬਖ਼ਸ਼ ਨਿਰੀਖਣ ਕੀਤਾ। ਰੋਟਰੀ ਕਲੱਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਅਤੇ ਸਕੱਤਰ ਅਸ਼ਵਨੀ ਬਾਂਸਲ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਕੈਂਸਰ, ਅੱਖ, ਕੰਨ, ਗਲਾ, ਮੈਡੀਸਨ, ਹੱਡੀਆਂ, ਬੱਚਿਆਂ, ਚਮੜੀ ਅਤੇ ਸਰਜਰੀ ਨਾਲ ਸਬੰਧਿਤ ਮਾਹਿਰ ਡਾਕਟਰਾਂ ਵਲੋਂ 242 ਮਰੀਜ਼ਾਂ ਦੀ ਜਾਂਚ ਕੀਤੀ ਗਈ ਹੈ। ਮਰੀਜ਼ਾਂ ਦੇ ਬਲੱਡ ਟੈਸਟ ਕੀਤੇ ਗਏ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਉਹਨਾਂ ਇਸ ਪ੍ਰੋਜੈਕਟ ਦੇ ਲਈ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਦਸਮੇਸ਼ ਡੈਂਟਲ ਇਨਸਟੀਚਿਊਟ ਆਫ਼ ਰੀਸਰਚ ਐਂਡ ਡੈਂਟਲ ਸਾਇੰਸਜ਼ ਅਤੇ ਜਿੰਦਲ ਹੈਲਥ ਕੇਅਰ ਨਾਲ ਸਬੰਧਿਤ ਸਮੂਹ ਡਾਕਟਰਾਂ ਅਤੇ ਸਟਾਫ਼ ਦਾ ਧੰਨਵਾਦ ਕਰਦਿਆਂ ਸਮੂਹ ਡਾਕਟਰ ਸਾਹਿਬਾਨਾਂ ਨੂੰ ਸਨਮਾਨਿਤ ਕੀਤਾ। ਉਨਾਂ ਦੱਸਿਆ ਕਿ ਭਵਿੱਖ ’ਚ ਅਜਿਹੇ ਉਪਰਾਲੇ ਨਿਰੰਤਰ ਜਾਰੀ ਰਹਿਣਗੇ। ਇਸ ਕੈਂਪ ਦੀ ਸਫ਼ਲਤਾ ਦੇ ਲਈ ਰਮਨਦੀਪ ਸਿੰਘ ਭੋਲੂਵਾਲਾ (ਜਿੰਮੀ), ਪਰਮਿੰਦਰ ਸਿੰਘ, ਜਸਵਿੰਦਰ ਸਿੰਘ ਸਮਰਾ, ਰਣਜੋਤ ਜਟਾਨਾ ਅਤੇ ਲਵਪ੍ਰੀਤ ਸਿੰਘ ਤੋਂ ਇਲਾਵਾ ਰੋਟਰੀ ਕਲੱਬ ਦੇ ਸੀਨੀਅਰ ਮੈਂਬਰ ਅਸ਼ੋਕ ਸੱਚਰ, ਐਡਵੋਕੇਟ ਲਲਿਤ ਮੋਹਨ ਗੁਪਤਾ, ਪਵਨ ਵਰਮਾ ਖਜ਼ਾਨਚੀ, ਕੁਲਜੀਤ ਸਿੰਘ ਵਾਲੀਆ, ਅਰਵਿੰਦ ਛਾਬੜਾ, ਉੱਘੇ ਸਮਾਜਸੇਵੀ ਅਰਾਸ਼ ਸੱਚਰ ਐੱਮ.ਡੀ. ਸ਼ਾਹੀ ਹਵੇਲੀ ਫਰੀਦਕੋਟ, ਦਵਿੰਦਰ ਸਿੰਘ ਪੰਜਾਬ ਮੋਟਰਜ਼, ਪ੍ਰਿਤਪਾਲ ਸਿੰਘ ਕੋਹਲੀ, ਸੁਖਵੰਤ ਸਿੰਘ, ਕਰਨਲ ਬਲਬੀਰ ਸਿੰਘ ਨੇ ਵੱਡਮੁੱਲਾ ਯੋਗਦਾਨ ਪਾਇਆ।



# 35ਵੇਂ ਉੱਤਰ ਖੇਤਰੀ ਖੇਡ ਮੇਲੇ ’ਚ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਸ਼੍ਰੀ ਮੁਕਤਸਰ ਸਾਹਿਬ, 12 ਸਤੰਬਰ (ਰਵੀਨਾ ਅਰੋੜਾ)**- ਸੁਰਿੰਦਰ ਕੁਮਾਰ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਂ ਰੌਸ਼ਨ ਕੀਤਾ। ਵਿੱਦਿਆ ਭਾਰਤੀ ਆਲ ਇੰਡੀਆ ਇੰਸਟੀਚਿਊਟ ਆਫ ਐਜੂਕੇਸ਼ਨ ਵੱਲੋਂ 35ਵਾਂ ਉੱਤਰ ਖੇਤਰੀ ਖੇਡ ਮੇਲਾ 7 ਤੋਂ 9 ਸਤੰਬਰ ਤੱਕ ਨੰਦਲਾਲ ਗੀਤਾ ਵਿਦਿਆ ਮੰਦਰ ਤੇਪਲਾ ਅੰਬਾਲਾ ਵਿਖੇ ਕਰਵਾਇਆ ਗਿਆ, ਜਿਸ ’ਚ ਵਿਦਿਆਰਥੀਆਂ ਦੇ ਕਬੱਡੀ, ਕਰਾਟੇ, ਵੇਟਲਿਫਟਿੰਗ, ਵਾਲੀਬਾਲ ਆਦਿ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ’ਚ ਹਿਮਾਚਲ, ਦਿੱਲੀ, ਜੰਮੂ, ਹਰਿਆਣਾ ਅਤੇ ਪੰਜਾਬ ਦੇ 512 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ’ਚ ਪੰਜਾਬ ਤੋਂ ਸੁਰਿੰਦਰ ਕੁਮਾਰ ਗੁਪਤਾ ਸਰਵਹਿੱਤਕਾਰੀ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਡਰ-19 ਲੜਕਿਆਂ ਨੇ ਕਰਾਟੇ ਮੁਕਾਬਲੇ ’ਚ ਦੂਜਾ ਅਤੇ ਕਬੱਡੀ ਮੁਕਾਬਲੇ ’ਚ ਤੀਜਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਨੇ ਕਬੱਡੀ ਮੁਕਾਬਲੇ ’ਚ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਪ੍ਰਧਾਨ ਰਜਿੰਦਰ ਗਰਗ, ਉਪ ਪ੍ਰਧਾਨ ਸੁਰਿੰਦਰ ਧਵਨ ਅਤੇ ਅਸ਼ੋਕ ਕੁਮਾਰ ਕਮਰਾ, ਮੈਨੇਜਰ ਨਰੋਤਮ ਦਾਸ ਸ਼ਰਮਾ, ਪੈਟਰਨ ਜਗਨਨਾਥ ਖੁਰਾਣਾ, ਰਾਜੇਸ਼ ਯਾਦਵ, ਸ਼ਸ਼ੀਕਾਂਤ ਆਹੂਜਾ, ਰਸ਼ਮੀ ਜੱਗਾ, ਗੌਰਵ ਮਲੂਜਾ ਅਤੇ ਜ਼ਿਲਾ ਮੁਖੀ ਰਾਜਪਾਲ ਪਠੇਲਾ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ’ਤੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਪੂਰਨ ਚੰਦ ਅਤੇ ਵਾਈਸ ਪ੍ਰਿੰਸੀਪਲ ਸਰਿਤਾ ਸਿੰਘ ਨੇ ਡੀ. ਪੀ. ਈ. ਅਧਿਆਪਕਾਂ (ਰਣਧੀਰ ਸਿੰਘ ਅਤੇ ਪੂਜਾ ਰਾਣੀ) ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਦੀ ਮਿਹਨਤ ਦਾ ਨਤੀਜਾ ਹੈ।

# ਪੁਲਿਸ ਵੱਲੋਂ ਛਾਪੇਮਾਰੀ ਦੌਰਾਨ ਭਾਰੀ ਮਾਤਰਾ ਵਿੱਚ ਲਾਹਣ ਕੀਤੀ ਬਰਾਮਦ

**ਪਾਤੜਾਂ 12 ਸਤੰਬਰ (ਜਸਵਿੰਦਰ ਸਿੰਘ ਪਾਰਸ)** ਜਿਲਾ ਪੁਲਿਸ ਮੁਖੀ ਡਾ. ਨਾਨਕ ਸਿੰਘ ਦੀਆਂ ਹਦਾਇਤਾਂ ਤਹਿਤ ਡੀਐਸਪੀ ਇੰਦਰਪਾਲ ਸਿੰਘ ਚੌਹਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਥਾਨਕ ਪੁਲਿਸ ਨੇ ਪਿੰਡ ਗੁਲਾੜ ਵਿਖੇ ਛਾਪਾਮਾਰੀ ਕਰਕੇ ਭਾਰੀ ਮਾਤਰਾ ਵਿੱਚ ਲਾਹਣ ਬਰਾਮਦ ਕੀਤੀ ਹੈ ਹੋਰ ਜਾਣਕਾਰੀ ਦਿੰਦੇ ਹੋਏ ਨਵਨਿਯੁਗਤ ਪੁਲਿਸ ਉਪ ਕਪਤਾਨ ਇੰਦਰਪਾਲ ਸਿੰਘ ਚੌਹਾਨ ਨੇ ਕਿਹਾ ਕਿ ਉਹਨਾਂ ਨੂੰ ਜਾਣਕਾਰੀ ਮਿਲੀ ਸੀ ਕਿ ਪਿੰਡ ਗੁਲਾੜ ਵਿਖੇ ਡੇਰਿਆਂ ਚ ਬੈਠੇ ਕੁਝ ਲੋਕ ਨਜਾਇਜ਼ ਸ਼ਰਾਬ ਕਸੀਦ ਕੇ ਵੇਚਣ ਦਾ ਕੰਮ ਕਰਦੇ ਹਨ ਜਿਸ ਤੇ ਕਾਰਵਾਈ ਕਰਦੇ ਹੋਏ ਪੁਲਿਸ ਨੇ ਛਾਪਾਮਾਰੀ ਕਰਕੇ ਵੱਖ ਵੱਖ ਥਾਵਾਂ ਤੋਂ ਦੋ ਵਿਅਕਤੀਆਂ ਕੋਲੋਂ ਲਾਹਣ ਦੇ ਭਰੇ ਹੋਏ ਡਰੰਮ ਬਰਾਮਦ ਕੀਤੇ ਹਨ ਉਹਨਾਂ ਕਿਹਾ ਕਿ ਇਸ ਛਾਪੇਮਾਰੀ ਦੌਰਾਨ ਗਗਨਦੀਪ ਸਿੰਘ ਦੇ ਘਰੋਂ 200 ਲੀਟਰ ਲਾਹਣ ਬਰਾਮਦ ਹੋਈ ਜਦਕਿ ਰਣਧੀਰ ਸਿੰਘ ਦੇ ਘਰ ਚੋਂ 140 ਲੀਟਰ ਲਾਹਣ ਬਰਾਮਦ ਹੋਈ ਪੁਲਿਸ ਨੇ ਕਿਤੇ ਦੋਸੀਆਂ ਦੇ ਖਿਲਾਫ ਐਕਸਾਈਜ ਐਕਟ ਤਹਿਤ ਮੁਕਦਮਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਪੁਲਿਸ ਉਪ ਕਪਤਾਨ ਨੇ ਨਸ਼ਾ ਤਸਕਰਾਂ ਨੂੰ ਸਖਤ ਚਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਗਲਤ ਕੰਮਾਂ ਤੋਂ ਬਾਜ ਆ ਜਾਣ ਗਲਤ ਕੰਮ ਛੱਡ ਦੇਣ ਨਹੀਂ ਤਾਂ ਅਜਿਹੇ ਵਿਅਕਤੀਆਂ ਨੂੰ ਕਿਸੇ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।



ਜਾਣਕਾਰੀ ਦਿੰਦੇ ਹੋਏ ਡੀ ਐਸ ਪੀ ਇੰਦਰਪਾਲ ਸਿੰਘ ਚੌਹਾਨ)

# ਆਧੁਨਿਕ ਯੁੱਗ ਵਿੱਚ ਔਰਤਾਂ ਹਰ ਖੇਤਰ ਵਿੱਚ ਪੁਰਸ਼ਾਂ ਦੇ ਬਰਾਬਰ

## *ਅੰਤਰਰਾਸ਼ਟਰੀ ਮਹਿਲਾ ਸਮਾਨਤਾ ਦਿਵਸ ਤੇ ਵਿਸ਼ੇਸ਼*

ਆਧੁਨਿਕ ਯੁੱਗ ਵਿੱਚ ਲਿੰਗ ਸਮਾਨਤਾ ਸਭ ਤੋਂ ਮੁੱਖ ਵਿਸ਼ਾ ਹੈ ,ਅੱਜ ਲੜਕੀਆਂ ਲੜਕਿਆਂ ਦੇ ਬਰਾਬਰ ਹਰ ਖੇਤਰ ਵਿੱਚ ਤਰੱਕੀ ਕਰ ਰਹੀਆਂ ਹਨ। ਲਿੰਗ ਭੇਦ ਸਬੰਧੀ ਪੁਰਾਣੀ ਸੋਚ ਨੂੰ ਬਦਲਣ ਦੀ ਜਰੂਰਤ ਹੈ, ਜੈਂਡਰ ਸੈਂਸਿਟਾਈਜੇਸ਼ਨ ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਲੋਕਾਂ ਦੀ ਮਾਨਸਿਕਤਾ ਮੁੰਡੇ ਅਤੇ ਕੁੜੀ ਨੂੰ ਲੈ ਕੇ ਕਿਸ ਤਰ੍ਹਾਂ ਦੀ ਹੈ ,ਅਕਸਰ ਅਸੀਂ ਮੁੰਡਿਆਂ ਨੂੰ ਮਜਬੂਤ ਅਤੇ ਵੱਧ ਕੰਮ ਕਰਨ ਵਾਲਾ ਸਮਝ ਲੈਂਦੇ ਹਨ ,ਜਦਕਿ ਅਜੋਕੇ ਸਮੇਂ ਵਿੱਚ ਜੇਕਰ ਝਾਤ ਮਾਰੀ ਜਾਵੇ ਤਾਂ ਹਰ ਖੇਤਰ ਵਿੱਚ ਲੜਕੀਆਂ ਨੇ ਆਪਣਾ ਨਾਮ ਦਰਜ ਕਰਵਾਇਆ ਹੈ। ਲੋਕਾਂ ਦੇ ਸੁਭਾਅ ਵਿੱਚ ਬਦਲਾਵ, ਮਰਦਾਂ - ਔਰਤਾਂ ਦੀ ਭੂਮਿਕਾ, ਬਰਾਬਰ ਕੰਮ ਬਰਾਬਰ ਵੇਤਨ ,ਔਰਤਾਂ ਦਾ ਸਸ਼ਤੀਕਰਨ ਮਰਦ ਔਰਤਾਂ ਦੇ ਭੇਦ - ਭਾਵ ਨੂੰ ਦੂਰ ਕਰਨਾ ,ਸੋਚ ਵਿੱਚ ਬਦਲਾਅ ਕਰਨਾ, ਸਿੱਖਿਆ ਦਾ ਪ੍ਰਸਾਰ ਸਿੱਖਿਆ ਦਾ ਮਹੱਤਵ ਦੱਸ ਕੇ ਪੇਂਡੂ ਖੇਤਰਾਂ ਵਿੱਚ ਲੜਕੀਆਂ ਨੂੰ ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਮੁੰਡਿਆਂ ਦੇ ਬਰਾਬਰ ਕਰਨੇ, ਸਾਡੀ ਸੋਚ ਵਿੱਚ ਤਬਦੀਲੀ, ਸਿੱਖਣ ਵਿੱਚ ਵਾਧਾ ਕਰਨਾ, ਸਾਰਿਆਂ ਦੀ ਬਰਾਬਰ ਭਾਗੇਦਾਰੀ ,ਆਪਸੀ ਸਹਿਯੋਗ ਅਤੇ ਜਾਗਰੂਕਤਾ ਇਹ ਸਭ ਬਿੰਦੂ ਲਿੰਗ ਸਮਾਨਤਾ ਨੂੰ ਉਤਸਾਹਿਤ ਕਰਦੇ ਹਨ। ਜੇਕਰ ਇਸ ਅੰਦਰ ਵਿੱਚ ਸਕੂਲੀ ਬੱਚਿਆਂ ਦੀ ਗੱਲ ਕੀਤੀ ਜਾਵੇ ਤਾਂ ਅੱਜ ਹਰ ਖੇਤ ਸਿੱਖਿਆ ਦੇ ਖੇਤਰ ਵਿੱਚ ਬੱਚਿਆਂ ਨੂੰ ਬਰਾਬਰ ਮੌਕੇ ਬਿਨਾਂ ਕਿਸੇ ਲਿੰਗ ਭੇਦ ਭਾਵ ਦੇ ਮਿਲ ਰਹੇ ਹਨ ਅਤੇ ਇਹਨਾਂ ਨੂੰ ਹੋਰ ਵਧਾਉਣ ਦੀ ਜਰੂਰਤ ਹੈ।

ਭਾਰਤ ਵਿੱਚ, ਆਜ਼ਾਦੀ ਤੋਂ ਬਾਅਦ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਸੀ, ਪਰ ਪੰਚਾਇਤਾਂ ਅਤੇ ਮਿਉਂਸਪਲ ਸੰਸਥਾਵਾਂ ਵਿੱਚ ਚੋਣਾਂ ਲੜਨ ਦਾ ਕਾਨੂੰਨੀ ਅਧਿਕਾਰ 73ਵੀਂ ਸੰਵਿਧਾਨਕ ਸੋਧ ਰਾਹੀਂ ਦਿੱਤਾ ਗਿਆ ਸੀ। ਇਸੇ ਦਾ ਨਤੀਜਾ ਹੈ ਕਿ ਅੱਜ ਭਾਰਤ ਦੀਆਂ ਪੰਚਾਇਤਾਂ ਵਿੱਚ ਔਰਤਾਂ ਦੀ ਹਿੱਸੇਦਾਰੀ 50 ਫੀਸਦੀ ਤੋਂ ਵੱਧ ਹੈ। ਜੇਕਰ ਅੰਤਰਰਾਸ਼ਟਰੀ ਪੱਧਰ ਤੇ ਝਾਤ ਮਾਰੀ ਜਾਵੇ ਤਾਂ ਨਿਊਜ਼ੀਲੈਂਡ 1893 ਵਿੱਚ ਔਰਤਾਂ ਦੀ ਬਰਾਬਰੀ ਦੀ ਸ਼ੁਰੂਆਤ ਕਰਨ ਵਾਲਾ ਦੁਨੀਆ ਦਾ ਪਹਿਲਾ ਦੇਸ਼ ਸੀ। ਮਹਿਲਾ ਸਮਾਨਤਾ ਦਿਵਸ ਮਨਾਉਣ ਦੀ ਰਸਮੀ ਸ਼ੁਰੂਆਤ 1871 ਤੋਂ ਹੋਈ ,ਪਰ ਨਿਊਜ਼ੀਲੈਂਡ 1893 ਵਿੱਚ ਪਹਿਲੀ ਵਾਰ ਔਰਤਾਂ ਦੀ ਸਮਾਨਤਾ ਨੂੰ ਲਾਗੂ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। ਅਮਰੀਕਾ ਵਿੱਚ 26 ਅਗਸਤ 1920 ਨੂੰ 19ਵੀਂ ਸੰਵਿਧਾਨਕ ਸੋਧ ਰਾਹੀਂ ਔਰਤਾਂ ਨੂੰ ਪਹਿਲੀ ਵਾਰ ਵੋਟ ਪਾਉਣ ਦਾ ਅਧਿਕਾਰ ਮਿਲਿਆ। ਇਸ ਤੋਂ ਪਹਿਲਾਂ ਉਥੋਂ ਦੀਆਂ ਔਰਤਾਂ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਦਾ ਦਰਜਾ ਹਾਸਲ ਸੀ। ਔਰਤਾਂ ਨੂੰ ਬਰਾਬਰੀ ਦਾ ਦਰਜਾ ਦਿਵਾਉਣ ਲਈ ਲਗਾਤਾਰ ਸੰਘਰਸ਼ ਕਰਨ ਵਾਲੀ ਮਹਿਲਾ ਵਕੀਲ ਬੇਲਾ ਅਬਜ਼ੁਗ ਦੇ ਯਤਨਾਂ ਸਦਕਾ 26 ਅਗਸਤ ਨੂੰ 1971 ਤੋਂ ‘ਮਹਿਲਾ ਸਮਾਨਤਾ ਦਿਵਸ’ ਵਜੋਂ ਮਨਾਇਆ ਜਾਣ ਲੱਗਾ।



ਭਾਰਤ ਵਿੱਚ ਔਰਤਾਂ ਨੂੰ ਬਰਾਬਰੀ ਦੇ ਅਧਿਕਾਰਾਂ ਲਈ ਸੰਘਰਸ਼ ਨਹੀਂ ਕਰਨਾ ਪਿਆ, ਯਾਨੀ ਆਜ਼ਾਦੀ ਤੋਂ ਬਾਅਦ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਮਿਲੇ ਹਨ। ਭਾਰਤੀ ਸੰਵਿਧਾਨ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਭਾਵੇਂ ਮੌਜੂਦਾ ਸਮੇਂ ਵਿਚ ਔਰਤਾਂ ਹਰ ਖੇਤਰ ਵਿਚ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਿੱਸਾ ਲੈ ਰਹੀਆਂ ਹਨ। ਅਜਿਹਾ ਕੋਈ ਖੇਤਰ ਨਹੀਂ ਜਿੱਥੇ ਔਰਤਾਂ ਨੇ ਆਪਣੀ ਕਾਬਲੀਅਤ ਨਾ ਦਿਖਾਈ ਹੋਵੇ।

ਸਿੱਖਿਆ, ਵਿਗਿਆਨ, ਖੇਡਾਂ, ਤਕਨਾਲੋਜੀ, ਵਪਾਰ, ਮੀਡੀਆ, ਮਨੋਰੰਜਨ ਹਰ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਦੇਖਣ ਨੂੰ ਮਿਲਦੀ ਹੈ। ਔਰਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਹਰ ਰੋਜ਼ ਸੁਣਨ ਨੂੰ ਮਿਲਦੀਆਂ ਹਨ। ਔਰਤਾਂ ਵਿਰੁੱਧ ਕਈ ਤਰ੍ਹਾਂ ਦੀ ਹਿੰਸਾ ਦੇਖੀ ਜਾਂਦੀ ਹੈ; ਜਿਵੇਂ ਕਿ ਕਤਲ, ਬਲਾਤਕਾਰ, ਛੇੜਛਾੜ, ਅਗਵਾ, ਤੇਜ਼ਾਬ ਹਮਲੇ, ਦਾਜ ਲਈ ਮੌਤ, ਆਨਰ ਕਿਲਿੰਗ, ਜਬਰੀ ਗਰਭਪਾਤ, ਭਰੂਣ ਹੱਤਿਆ ਆਦਿ। ਪਰ ਦੂਜੇ ਪਾਸੇ ਔਰਤਾਂ ਨਾਲ ਦੂਜੇ ਦਰਜੇ ਦਾ ਸਲੂਕ ਅੱਜ ਵੀ ਜਾਰੀ ਹੈ। ਹਰ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਅਤੇ ਪ੍ਰਤੀਸ਼ਤਤਾ ਘੱਟ ਹੈ। ਇਸ ਲਈ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਭਾਰਤ ਵਿੱਚ ਔਰਤਾਂ ਅਜੇ ਵੀ ਔਰਤਾਂ ਦੀ ਸਾਖਰਤਾ ਦਰ ਵਿੱਚ ਮਰਦਾਂ ਤੋਂ ਪਿੱਛੇ ਹਨ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਔਰਤਾਂ ਦੀ ਸਾਖਰਤਾ ਦਰ ਵਿੱਚ 12 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਪਰ ਜਦੋਂ ਕਿ ਕੇਰਲਾ ਵਿੱਚ ਔਰਤਾਂ ਦੀ ਸਾਖਰਤਾ ਦਰ 92 ਪ੍ਰਤੀਸ਼ਤ ਹੈ, ਬਿਹਾਰ ਵਿੱਚ ਔਰਤਾਂ ਦੀ ਸਾਖਰਤਾ ਦਰ ਅਜੇ ਵੀ 53.3 ਪ੍ਰਤੀਸ਼ਤ ਹੈ। ਅੱਜ ਵੀ ਸਮਾਜ ਦੀ ਮਾਨਸਿਕਤਾ ਪੂਰੀ ਤਰ੍ਹਾਂ ਨਹੀਂ ਬਦਲੀ ਹੈ। ਦੱਖਣੀ ਅਫ਼ਰੀਕਾ, ਨੇਪਾਲ, ਬੰਗਲਾਦੇਸ਼ ਅਤੇ ਸ੍ਰੀਲੰਕਾ ਭਾਵੇਂ ਤਰੱਕੀ ਅਤੇ ਵਿਕਾਸ ਦੇ ਮਾਮਲੇ ਤੋਂ ਪਿੱਛੇ ਹਨ, ਮੌਜੂਦਾ ਸਮੇਂ ਵਿੱਚ ਵਿੱਚ ਮਹਿਲਾ ਸਸ਼ਕਤੀਕਰਨ ਉੱਪਰ ਭਾਰਤ ਨੇ ਵੀ ਬਹੁਤ ਤਰੱਕੀ ਕੀਤੀ ਹੈ ਆਜ਼ਾਦੀ ਦੇ ਛੇ ਦਹਾਕਿਆਂ ਬਾਅਦ ਵੀ ਔਰਤਾਂ ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਦੋਹਰੇ ਮਾਪਦੰਡਾਂ ਤੋਂ ਪੀੜਤ ਹਨ। ਯੂਨੀਸੇਫ ਦੀ ਰਿਪੋਰਟ ਦਰਸਾਉਂਦੀ ਹੈ ਕਿ ਔਰਤਾਂ ਸਿਵਲ ਪ੍ਰਸ਼ਾਸਨ ਵਿੱਚ ਹਿੱਸਾ ਲੈਣ ਦੇ ਸਮਰੱਥ ਹਨ। ਇੰਨਾ ਹੀ ਨਹੀਂ ਔਰਤਾਂ ਦੀ ਨੁਮਾਇੰਦਗੀ ਤੋਂ ਬਿਨਾਂ ਕਿਸੇ ਵੀ ਖੇਤਰ ਵਿੱਚ ਕੰਮ ਸਹੀ ਅਤੇ ਪੂਰੀ ਤਰ੍ਹਾਂ ਨਾਲ ਨਹੀਂ ਹੋ ਸਕਦਾ।ਭਾਰਤ ਵਿੱਚ ਮਹਿਲਾ ਸਸ਼ਕਤੀਕਰਨ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਖੇਤਰ ਵਿੱਚ ਵਧੀਆ ਕੰਮ ਕਰ ਰਿਹਾ ਹੈ। ਵਿਕਾਸ ਦਾ ਮੁੱਖ ਉਦੇਸ਼ ਔਰਤਾਂ ਦਾ ਸਸ਼ਕਤੀਕਰਨ ਕਰਨਾ ਹੈ ਕਿਉਂਕਿ ਇੱਕ ਮਜ਼ਬੂਤ ਔਰਤ ਨਾ ਸਿਰਫ਼ ਆਪਣੇ ਬੱਚਿਆਂ ਦਾ ਭਵਿੱਖ ਬਣਾਉਂਦੀ ਹੈ ,ਸਗੋਂ ਦੇਸ਼ ਦਾ ਭਵਿੱਖ ਵੀ ਸੁਨਿਸ਼ਚਿਤ ਕਰਦੀ ਹੈ।ਭਾਰਤ ਸਰਕਾਰ ਵੱਲੋਂ ਔਰਤਾਂ ਨੂੰ ਵਿਕਾਸ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਕਈ ਯੋਜਨਾਵਾਂ ਬਣਾਈਆਂ ਗਈਆਂ ਹਨ। ਔਰਤਾਂ ਸਮੁੱਚੇ ਦੇਸ਼ ਦੀ ਆਬਾਦੀ ਦਾ ਅੱਧਾ ਹਿੱਸਾ ਹਨ ਅਤੇ ਔਰਤਾਂ ਅਤੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਨੂੰ ਹਰ ਖੇਤਰ ਵਿੱਚ ਆਜ਼ਾਦੀ ਦੀ ਲੋੜ ਹੈ। ਇਹ ਸਭ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਹਿਲਾ ਸਮਾਨਤਾ ਵਿੱਚ ਵਾਧਾ ਕਰਦੇ ਹੋਏ ਲਿੰਗ ਭੇਦ ਭਾਵ ਨੂੰ ਖਤਮ ਕੀਤਾ ਜਾਵੇ ਸਿੱਖਿਆ ਵਪਾਰ ਰਾਜਨੀਤੀ ਸਮਾਜ ਧਰਮ ਸੱਭਿਆਚਾਰ ਸਾਹਿਤ ਆਦੀ ਹਰ ਖੇਤਰ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣ ਇਹ ਸਭ ਸਿੱਖਿਆ ਦੇ ਖੇਤਰ ਨੂੰ ਵਿਸ਼ਾਲ ਕਰਕੇ ਹੀ ਸੰਭਵ ਹੋ ਸਕਦਾ ਹੈ, ਅਤੇ ਨਾਲ ਹੀ ਔਰਤਾਂ ਦੇ ਜਾਗਰੂਕ ਹੋਣ ਦੀ ਵੀ ਲੋੜ ਹੈ ਉਹ ਆਪਣੇ ਅਧਿਕਾਰਾਂ ਨੂੰ ਪਹਿਚਾਣ ਕੇ ਅੱਗੇ ਵਧਣ, ਸਮਾਜ ਸਰਕਾਰਾਂ ਰਾਜ ਦੇਸ਼ ਸਮਾਨਤਾ ਦੇ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰੇ ਕਿਉਂਕਿ ਹਰ ਕਿਸੇ ਨੂੰ ਵਿਕਸਿਤ ਹੋਣ ਦਾ ਅਧਿਕਾਰ ਹੈ ਸਾਡੇ ਦੇਸ਼ ਦਾ ਸੰਵਿਧਾਨ ਵੀ ਸਮਾਨਤਾ ਦੀ ਗੱਲ ਕਰਦਾ ਹੈ ਚਾਹੇ ਉਹ ਮਰਦ ਹੋਵੇ ਜਾਂ ਔਰਤ ਸਭ ਨੂੰ ਬਰਾਬਰ ਹੱਕ ਹਨ ਸਭ ਆਪਣਾ ਵਿਕਾਸ ਕਰਨ।

ਆਓ ਲਿੰਗ ਭੇਦ ਨੂੰ ਮਿਟਾਈਏ
ਨਵੇਂ ਭਾਰਤ ਦੇ ਨਿਰਮਾਣ ਵੱਲ ਜਾਈਏ

**ਜੈ ਹਿੰਦ**

**ਅਵਨੀਸ਼ ਲੌਂਗੋਵਾਲ**
**ਜਿਲਾ ਬਰਨਾਲਾ ਸੰਗਰੂਰ (ਪੰਜਾਬ)**
**7888346465**



## ਗਰਿੱਡ ਸ/ਸ ਇੰਪ ਯੂਨੀਅਨ ਰਜਿ 24. ਪੰਜਾਬ ਦੀ ਹੋਈ ਮੀਟਿੰਗ

**ਜਲਾਲਾਬਾਦ 12 ਸਤੰਬਰ (ਗਗਨ ਵਾਟਸ)** :– ਪਾਵਰਕਾਮ ਦੀ ਬੋਰਡ ਮੈਨੇਜਮੈਂਟ ਮਾਨਯੋਗ ਡਾਈਰੈਕਰ ਵੰਡ ਅਤੇ ਮਾਨਯੋਗ ਡਾਈਰੈਕਟਰ ਪ੍ਰਬੰਧਕੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੁਲਾਜਮਾਂ ਦੀਆਂ ਅਹਿਮ ਮੰਗਾਂ ਤੇ ਵਿਚਾਰ ਚਰਚਾ ਕੀਤੀ ਗਈ। ਜੱਥੇਬੰਦੀ ਵੱਲੋ ਆਪਣਾ ਮਜਬੂਤ ਪੱਖ ਰੱਖਦੇ ਹੋਏ ਮੈਨੇਜਮੈਂਟ ਨੂੰ ਦੋ ਟੁੱਕ ਕਿਹਾ ਕਿ ਤੁਸੀ ਸਾਨੂੰ ਮੀਟਿੰਗ ਲਈ ਬੁਲਾਇਆ ਹੈ ਤੁਹਾਡੇ ਵੱਲੋ ਮੁਲਾਜ਼ਮਾਂ ਦੀਆ ਜਾਇਜ ਮੰਗਾ ਲਈ ਕੀ ਕੀਤਾ ਜਾ ਰਿਹਾ ਹੈ ਮੈਨੇਜਮੈਂਟ ਵੱਲੋ ਜੱਥੇਬੰਦੀ ਨੂੰ ਵਿਸਥਾਰ ਵਿੱਚ ਦੱਸਿਆ ਗਿਆ ਕਿ ਤੁਹਾਡੇ ਵੱਲੋ ਦਿੱਤੇ ਤੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਓ.ਸੀ ਕੈਟਾਗੀਰੀ ਦਾ ਪੇ ਬੈਡ ਦੀ ਮੰਗ ਨੂੰ ਜਾਇਜ ਦੱਸਿਆ ਅਤੇ ਆਰ.ਟੀ.ਐਮ ਦੀ ਤਰੱਕੀ ਸਬੰਧੀ ਹੋ ਰਹੇ ਧੱਕੇ ਬਾਰੇ ਗਭੀਰਤਾ ਨਾਲ ਵਿਚਾਰ ਕਰਦੇ ਹੋਏ ਏ.ਐਸ.ਐਸ.ਏ ਅਸਾਮੀ ਦੀ ਨਵੀ ਰਚਨਾ ਕਰਕੇ ਜਲਦ ਤਰੱਕੀ ਕਰਨ ਦੀ ਸਹਿਮਤੀ ਦਿੱਤੀ ਅਤੇ 811 ਅਧੀਨ ਖਤਮ ਕੀਤੀਆਂ ਅਸਾਮੀਆਂ ਨੂੰ ਬਹਾਲ ਕਰਕੇ ਸਾਰੇ ਕੇਡਰਾ ( ਐਸ.ਐਸ.ਏ, ਆਰ.ਟੀ.ਐਮ, ਏ.ਐਸ.ਐਸ.ਏ ) ਨੂੰ ਬਣਦੀਆ ਤੱਰਕੀਆ ਜਲਦ ਦੇਣ ਸਬੰਧੀ ਸਹਿਮਤੀ ਦਿੱਤੀ ਗਈ ਮੈਨੇਜਮੈਂਟ ਵੱਲੋ ਦੱਸਿਆ ਗਿਆ ਉਪਰੋਕਤ ਮੰਗਾ ਨੂੰ ਮਿਤੀ 24.09.2024 ਨੂੰ ਬੀ.ਓ.ਡੀ ਵਿੱਚ ਪ੍ਰਵਾਨ ਕਰ ਦਿੱਤਾ ਜਾਵੇਗਾ।ਇਸ ਤੋ ਇਲਾਵਾ ਪੈਡਿੰਗ ਪਏ ਓਵਰ ਟਾਈਮ ਅਤੇ 50 ਘੰਟੇ ਤੋ ਵੱਧ ਦੇ ਓਵਰ ਟਾਈਮ ਅਦਾਇਗੀ ਸਬੰਧੀ ਮੌਕੇ ਤੇ ਅਧਿਕਾਰੀਆਂ ਨੂੰ ਹਦਾਇਤਾ ਜਾਰੀ ਕਰ ਦਿੱਤੀਆਂ। ਲਾਈਨਮੈਨ/ਐਸ.ਐਸ.ਏ ਕਰਮਚਾਰੀਆਂ ਦਾ ਕੰਟਰੈਕਟ ਸਮਾਂ ਰੈਗੂਲਰ ਕਰਨ ਸਬੰਧੀ ਮੈਨੇਜਮੈਂਟ ਵੱਲੋ ਜਲਦ ਕਰਨ ਦਾ ਆਸ਼ਵਾਸਨ ਦਿੱਤਾ ਗਿਆ। ਜੱਥੇਬੰਦੀ ਵੱਲੋ ਮੈਨੇਜਮੈਂਟ ਨੂੰ ਆਪਣੇ ਸਖਤ ਲਹਿਜੇ ਵਿੱਚ ਸਪਸ਼ਟ ਕੀਤਾ ਗਿਆ ਕਿ ਤੁਹਾਡੇ ਵੱਲੋ ਮੰਗਾ ਨੂੰ ਹੱਲ ਕਰਨ ਲਈ ਬਾਰ–ਬਾਰ ਭਰੋਸਾ ਦਿੱਤਾ ਜਾਂਦਾ ਹੈ, ਪ੍ਰੰਤੂ ਲਾਗੂ ਨਹੀ ਕੀਤਾ ਜਾਂਦਾ। ਇਸ ਲਈ ਜੱਥੇਬੰਦੀ ਵੱਲੋ ਮੈਨੇਜਮੈਂਟ ਦੋ ਟੂਕ ਜਵਾਬ ਦਿੰਦੇ ਹੋਏ ਕਿਹਾ ਗਿਆ ਕਿ ਜਦੋ ਤੱਕ ਉਪਰੋਕਤ ਮੰਗਾਂ ਸਬੰਧੀ ਪੱਤਰ/ਸਰਕੂਲਰ ਜਾਰੀ ਨਹੀ ਕੀਤੇ ਜਾਂਦੇ ਉਸ ਸਮੇ ਤੱਕ ਵਰਕ ਟੂ ਰੂਲ ਪ੍ਰੋਗਰਾਮ ਲਾਗੂ ਰਹੇਗਾਂ ਜੇਕਰ ਮੈਨੈਜਮੈਟ ਵੱਲੋ ਦਿੱਤੇ ਸਮੇਂ ਤੱਕ ਮੁਲਾਜਮ ਮੰਗਾ ਦਾ ਹੱਲ ਨਹੀ ਕੀਤਾ ਜਾਂਦਾ ਹੈ ਤਾਂ ਜੱਥੇਬੰਦੀ ਵੱਲੋ ਚੱਲ ਰਹੇ ਸਘੰਰਸ਼ ਨੂੰ ਹੋਰ ਤਿੱਖਾ ਜਾਵੇਗਾ। ਮੁਲਾਜਮ ਮੰਗਾ ਹੱਲ ਕਰਵਾਉਣ ਲਈ ਜੱਥੇਬੰਦੀ ਕਿਸੇ ਵੀ ਤਰਾ ਦੇ ਸਘੰਰਸ਼ ਤੋ ਪਿੱਛੇ ਨਹੀ ਹਟੇਗੀ।

# ਹਰਜੋਤ ਬੈਂਸ ਕੈਬਨਿਟ ਮੰਤਰੀ ਦਾ ਨਿਵੇਕਲਾ ਉਪਰਾਲਾ, ਪਿੰਡਾਂ ਦੀ ਹਰ ਜਾਣਕਾਰੀ ਡਿਜੀਟਲ ਨਕਸ਼ੇ ਵਿਚ ਹੋਵੇਗੀ ਉਪਲੱਬਧ

### ਗੰਭੀਰਪੁਰ ਪਿੰਡ ਤੋਂ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਹੋਈ ਸ਼ੁਰੂਆਤ





**ਸ੍ਰੀ ਅਨੰਦਪੁਰ ਸਾਹਿਬ 12 ਸਤੰਬਰ (ਰਾਣਾ ਹਰੀਵਾਲ /ਸੈਣੀ ਨਿੱਕੂਵਾਲ)** ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਮਿਆਰੀ ਸਹੂਲਤਾ ਦੇਣ ਲਈ ਵਚਨਬੱਧ ਹੈ। ਮੌਜੂਦਾ ਸਰਕਾਰ ਵੱਲੋਂ ਸੂਬੇ ਵਿੱਚ ਆਧੁਨਿਕ ਤਕਨੋਲੋਜੀ ਨਾਲ ਵਿਕਾਸ ਤੇ ਵਿਸਥਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਅੱਜ ਦੇ ਦੌਰ ਦੀਆਂ ਲੋੜੀਦੀਆਂ ਮੁੱਢਲੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾ ਸਕਣ। ਸ਼ਹਿਰਾਂ ਅਤੇ ਪਿੰਡਾਂ ਦੇ ਆਧੁਨਿਕੀਕਰਨ ਦੇ ਨਾਲ ਨਾਲ ਉਸ ਦੀ ਜਾਣਕਾਰੀ ਡਿਜੀਟਲ ਤਰੀਕੇ ਨਾਲ ਉਪਲੱਬਧ ਕਰਵਾਉਣ ਲਈ ਵਿਆਪਕ ਯੋਜਨਾ ਉਲੀਕੀ ਗਈ ਹੈ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਇਸ ਦੀ ਸੁਰੂਆਤ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਪਿੰਡ ਗੰਭੀਰਪੁਰ ਤੋ ਕਰ ਦਿੱਤੀ ਹੈ। ਪਹਿਲੇ ਚਰਨ ਵਿੱਚ 20 ਹੋਰ ਪਿੰਡਾਂ ਦਾ ਨਕਸ਼ਾ, ਵੇਰਵੇ ਡਿਜੀਟਲ ਕੀਤੇ ਜਾ ਰਹੇ ਹਨ। ਇਨ੍ਹਾਂ ਨਕਸ਼ਿਆ ਨੂੰ ਪਿੰਡ ਦੇ ਬਾਹਰ ਲਗਾ ਦਿੱਤਾ ਜਾਵੇਗਾ ਤਾਂ ਕਿ ਆਉਣ ਜਾਣ ਵਾਲੀਆਂ ਨੂੰ ਪਿੰਡ ਦੀ ਸਮੁੱਚੀ ਜਾਣਕਾਰੀ ਉਪਲੱਬਧ ਹੋਵੇ। ਇਸ਼ਾਨ ਚੋਧਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਸੈਟੇਲਾਈਟ ਰਾਹੀ ਪਿੰਡ ਦਾ ਨਕਸ਼ਾ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪਿੰਡਾਂ ਦੀਆਂ ਗਲੀਆਂ, ਨਾਲੀਆਂ, ਉਨ੍ਹਾਂ ਦੀ ਲੰਬਾਈ, ਚੋੜਾਈ, ਸੀਵਰੇਜ, ਜਲ ਸਪਲਾਈ, ਗਲੀਆਂ, ਸੜਕਾਂ ਅਤੇ ਨਾਲੀਆਂ ਦੇ ਪੱਕੇ ਕੱਚੇ ਹੋਣ ਦਾ ਵੇਰਵਾ, ਗੰਦੇ ਪਾਣੀ ਦੀ ਨਿਕਾਸੀ, ਛੱਪੜ ਦੀ ਸਥਿਤੀ ਪਿੰਡ ਦੀ ਧਰਮਸ਼ਾਲਾ, ਕਮਿਊਨਿਟੀ ਸੈਂਟਰ, ਸਮਸਾਨਘਾਟ ਦੇ ਵੇਰਵੇ ਅਤੇ ਇਸ ਦਾ ਭੂਗੋਲਿਕ ਖੇਤਰ ਵੀ ਇਸ ਡਿਜੀਟਲ ਨਕਸ਼ੇ ਵਿਚ ਤਿਆਰ ਕੀਤਾ ਜਾਵੇਗਾ। ਪਿੰਡ ਵਿੱਚ ਰਹਿ ਰਹੇ ਲੋਕਾਂ ਦੇ ਘਰਾਂ ਦੇ ਵੇਰਵੇ ਅਤੇ ਉਨ੍ਹਾਂ ਦੀ ਰਿਹਾਇਸ਼ ਦੀ ਜਾਣਕਾਰੀ ਵੀ ਇਸ ਡਿਜੀਟਲ ਨਕਸ਼ੇ ਵਿਚ ਉਪਲੱਬਧ ਹੋਵੇਗੀ। ਹਰਜੋਤ ਬੈਂਸ ਕੈਬਨਿਟ ਮੰਤਰੀ ਨੇ ਇਸ ਦੀ ਸੁਰੂਆਤ ਆਪਣੇ ਗ੍ਰਹਿ ਪਿੰਡ ਗੰਭੀਰਪੁਰ ਤੋ ਕਰ ਦਿੱਤੀ ਹੈ। ਪਿੰਡ ਵਿਚ ਆਉਣ ਜਾਣ ਵਾਲੀਆਂ ਲਈ ਇਹ ਡਿਜੀਟਲ ਨਕਸ਼ਾ ਬਹੁਤ ਹੀ ਉਪਯੋਗੀ ਸਿੱਧ ਹੋਵੇਗਾ, ਜਿਸ ਨੂੰ ਪਿੰਡ ਦੇ ਬਾਹਰ ਲਗਾਇਆ ਜਾਵੇਗਾ। ਇਸ ਨੂੰ ਬਣਾਉਣ ਸਮੇਂ ਅਤਿ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਗਈ ਹੈ ਅਤੇ ਮਾਹਰਾ ਦੀ ਸਲਾਹ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਡਿਜੀਟਲ ਨਕਸ਼ੇ ਦੇ ਤਿਆਰ ਹੋਣ ਨਾਲ ਵੱਖ ਵੱਖ ਵਿਭਾਗਾਂ ਵੱਲੋਂ ਪਿੰਡਾਂ ਦੇ ਵਿਕਾਸ ਲਈ ਯੋਜਨਾ ਤਿਆਰ ਕਰਨ ਸਮੇਂ ਉਸ ਦੀ ਤਾਜ਼ਾ ਸਥਿਤੀ ਅਤੇ ਗਿਣਤੀ, ਮਿਣਤੀ ਦੀ ਜਾਣਕਾਰੀ ਅਸਾਨੀ ਨਾਲ ਉਪਲੱਬਧ ਹੋ ਜਾਵੇਗੀ, ਵਿਸੇਸ਼ ਤੋਰ ਤੇ ਸੜਕਾਂ ਤੇ ਗਲੀਆਂ ਦੇ ਨਿਰਮਾਣ, ਜਲ ਸਪਲਾਈ ਤੇ ਸੀਵਰੇਜ ਦੀ ਪਾਈਪ ਲਾਈਨ ਪਾਉਣ ਸਮੇਂ ਇਹ ਨਕਸ਼ੇ ਬਹੁਤ ਉਪਯੋਗੀ ਸਿੱਧ ਹੋਣਗੇ। ਇਲਾਕੇ ਦੇ ਲੋਕਾਂ ਵੱਲੋਂ ਸਰਕਾਰ ਦੀ ਇਸ ਨਿਵੇਕਲੀ ਪਹਿਲ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸੇਸ਼ ਧੰਨਵਾਦ ਕੀਤਾ ਗਿਆ ਹੈ।

# ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਵੱਲੋਂ 7 ਦਿਨਾਂ ਦੀ ਸਮੂਹਿਕ ਛੁੱਟੀ ਦੌਰਾਨ ਰੋਸ ਪ੍ਰਦਰਸ਼ਨ

### ਸਰਕਾਰ ਵੱਲੋਂ ਜੇਕਰ ਸਾਡੀਆਂ ਮੰਗਾਂ ਤੇ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ- ਬਿਜਲੀ ਮੁਲਾਜ਼ਮ



**ਕੋਟ ਈਸੇ ਖਾਂ,12 ਸਤੰਬਰ (ਅਰੋੜਾ)** ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਮਿਆਂ ਦੀਆਂ 15 ਵਾਜਬ ਮੰਗਾਂ ਵੱਟੇ ਖਾਤੇ ਪਾਉਣ ਖਿਲਾਫ ਪੀਐਸਈਬੀ ਇੰਪਲਾਈ ਜੁਆਇੰਟ ਫੋਰਸ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸਓਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੱਦੇ ਤੇ ਬਿਜਲੀ ਕਾਮਿਆਂ ਵੱਲੋਂ ਤਿੰਨ ਦਿਨ ਦੀ ਸਮੂਹਿਕ ਛੁੱਟੀ ਭਰ ਕੇ ਦਫਤਰ ਕੋਟ ਈਸੇ ਖਾਂ ਵਿਖੇ ਮੁੱਖ ਗੇਟ ਉੱਤੇ ਰੋਸ ਰੈਲੀ ਪ੍ਰਧਾਨ ਕੇਸਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਰੋਸ ਰੈਲੀ ਦੀ ਕਾਰਵਾਈ ਸੰਬੰਧੀ ਪ੍ਰੈਸਨੋਟ ਜਾਰੀ ਅਤੇ ਗੱਲਬਾਤ ਕਰਦਿਆ ਦੱਸਿਆ ਕਿ ਸਮੂਹਿਕ ਛੁੱਟੀ ਜੋ ਮਿਤੀ 10 ਸਤੰਬਰ ਤੋਂ ਲੈ ਕੇ 12 ਸਤੰਬਰ ਤੱਕ ਸੀ ਉਸ ਵਿੱਚ ਵਾਧਾ ਕਰਕੇ ਹੁਣ 17 ਸਤੰਬਰ 2024 ਤੱਕ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ 31 ਜੁਲਾਈ ਦੀ ਮੀਟਿੰਗ ਵਿੱਚ ਮੁਲਾਜ਼ਮ ਮੰਗਾਂ ਤੇ ਹੋਈਆਂ ਸਹਿਮਤੀਆਂ ਜਿਨਾਂ ਵਿੱਚ ਮੰਗਾ ਜਿਵੇਂ ਡਿਊਟੀ ਦੌਰਾਨ ਘਾਤਕ ਹਾਦਸੇ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ਰਾਸ਼ੀ, ਦੇਣ ਸਮੇਤ ਕਾਮੇ ਨੂੰ ਸ਼ਹੀਦ ਦਾ ਦਰਜਾ ਦੇਣ, ਹਾਦਸੇ ਦਾ ਸ਼ਿਕਾਰ ਅਤੇ ਕੈਸ਼ਲੈਸ ਇਲਾਜ ਦੀ ਸੁਵਿਧਾ, ਹਾਦਸੇ ਦਾ ਸ਼ਿਕਾਰ ਹੋਏ ਕਾਮੇ ਦੀ ਮੌਤ ਹੋਣ ਜਾਂਦੀ ਸੂਰਤ ਵਿੱਚ ਸੰਬੰਧਿਤ ਕਰਮਚਾਰੀ ਨੂੰ ਜੇਈਲੈਸ ਆਦਿ ਦੇ ਨਾਮ ਉੱਪਰ ਬਿਨਾਂ ਪੜਤਾਲ ਕੀਤੇ ਐਫਆਈਆਰ ਦਰਜ ਕਰਨ ਦੀ ਪਿਰਤ ਬੰਦ ਕਰਨ , ਸਹਾਇਕ ਲਾਈਨਮੈਨ ਤੋਂ ਲਾਈਨਮੈਨ ਦੀ ਤਰੱਕੀ ਕਰਨਾ, ਬਾਕੀ ਸਾਰੀਆਂ ਕੈਟਾਗਰੀਆਂ ਦੀਆਂ ਤਰੱਕੀਆਂ ਦੀ ਹਾਊਸ ਕੰਟਰੈਕਟ ਕਾਮਿਆਂ ਨੂੰ ਰੈਗੂਲਰ ਕਰਨ, 32 ਮਹੀਨੇ ਦਾ ਬਕਾਇਆ ਜਾਰੀ ਕਰਨ ,ਖਤਮ ਕੀਤੀਆਂ ਅਸਾਮੀਆਂ ਨੂੰ ਮੁੜ ਬਹਾਲ ਕਰਨ ਅਤੇ ਹੋਰ ਹੱਕੀ ਮੰਗਾ ਨੂੰ ਲੈ ਕੇ 15 ਅਗਸਤ ਨੂੰ ਵਿੱਤ ਮੰਤਰੀ ਨਾਲ ਗੱਲਬਾਤ ਕਰ ਕੇ ਮੰਗੀਆਂ ਮੰਗਾਂ ਵਾਧਾ ਕੀਤਾ ਸੀ ਪਰ ਹੁਣ ਪਾਵਰ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਮੰਗਾਂ ਮੰਨਣ ਤੋਂ ਮੁਨਕਰ ਹੋ ਗਏ ਹਨ। ਮੰਗਾਂ ਲਾਗੂ ਕਰਨ ਦੀ ਥਾਂ ਵਰਕ ਟੂ ਰੂਲ ਅਨੁਸਾਰ ਮੁਲਾਜ਼ਮਾਂ ਨੂੰ ਐਸਮਾ ਵਰਗੇ ਕਾਲੇ ਕਾਨੂੰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਬਿਜਲੀ ਕਾਮੇ ਮਿਤੀ 10/9/24 ਤੋਂ ਲੈ ਕੇ 17/9/24 ਤੱਕ ਤਿੰਨ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਦਫਤਰ ਅੱਗੇ ਰੋਸ ਕਰ ਰਹੇ ਹਨ। ਉਹਨਾਂ ਕਿਹਾ ਕਿ ਬਿਜਲੀ ਮੰਤਰੀ ਸਮੇਤ ਪੂਰੀ ਮੈਨੇਜਮੈਂਟ ਡਾਇਰੈਕਟਰ ਕਾਲੀਆਂ ਝੰਡੀਆਂ ਨਾਲ ਰੋਸ ਵਿਖਾਵੇ ਕੀਤੇ ਜਾਣਗੇ। ਮੁਲਾਜ਼ਮਾਂ ਵੱਲੋਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਜਿਸ ਨਾਲ ਬਿਜਲੀ ਤੰਤਰ ਪ੍ਰਭਾਵਿਤ ਹੋਵੇਗਾ ਜਿਸ ਦੀ ਜਿੰਮੇਵਾਰੀ ਸਾਰੀ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਮੀਤ ਪ੍ਰਧਾਨ ਇਕਬਾਲ ਸਿੰਘ ਕੈਸ਼ੀਅਰ ਤਜਿੰਦਰ ਸਿੰਘ, ਸੀਐਚਬੀ ਪ੍ਰਧਾਨ ਬਚਿੱਤਰ ਸਿੰਘ ਜੱਸਾ, ਕੈਸ਼ੀਅਰ ਗੌਰਵ ਸਿੰਘ, ਮੀਤ ਪ੍ਰਧਾਨ ਥਾਣਾ ਸਿੰਘ, ਸੇਵਕ ਸਿੰਘ ,ਨਿਰਮਲ ਸਿੰਘ, ਤਰਲੋਕ ਸਿੰਘ, ਮੈਡਮ ਅੰਕੀਤੀ, ਲੱਖਾ ਸਿੰਘ ਆਦਿ ਹਾਜਰ ਸਨ।

# ਪੰਜਾਬ ਸਰਕਾਰ ਪਹਿਲ ਦੇ ਅਧਾਰ ਤੇ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ 90 % ਸਬਸਿਡੀ ਤੇ ਮਸ਼ੀਨਰੀ ਮੁਹੱਈਆ ਕਰਵਾਵੇ- ਭਾਕਿਯੂ ਕਾਦੀਆ

### ਡੀਜ਼ਲ- ਪੈਟਰੋਲ ਦੀਆਂ ਵਧੀਆ ਕੀਮਤਾਂ ਨੇ ਕਿਸਾਨਾਂ ਤੇ ਆਰਥਿਕ ਬੋਝ 'ਚ ਕੀਤਾ ਵਾਧਾ - ਸੀਰਾ ਛੀਨੀਵਾਲ



**ਬਰਨਾਲਾ 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਭਾਰਤੀ ਕਿਸਾਨ ਯੂਨੀਅਨ ਕਾਦੀਆ ਜਿਲ੍ਹਾ ਬਰਨਾਲਾ ਦੀ ਮਹੀਨਾਂਵਾਰ ਮੀਟਿੰਗ ਗੁ: ਬੀਬੀ ਪ੍ਰਧਾਨ ਕੌਰ ਬਰਨਾਲਾ ਵਿਖੇ ਜਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੇ ਕਿਸਾਨਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਝੋਨੇ ਦੀ ਫਸਲ ਦੀ ਕਟਾਈ ਨਜਦੀਕ ਆ ਰਹੀ ਹੈ ਤੇ ਪੰਜਾਬ ਸਰਕਾਰ ਕਿਸਾਨਾ ਨੂੰ 90% ਸਬਸਿਟੀ ਤੇ ਪਰਾਲੀ ਪ੍ਰਬੰਧਨ ਲਈ ਮਸੀਨਰੀ ਮੁਹੱਈਆ ਕਰਵਾਏ। ਉਹਨਾ ਕਿਹਾ ਆਧੁਨਿਕ ਮਸ਼ੀਨਰੀ ਕਾਫੀ ਹੱਦ ਤੱਕ ਮਹਿੰਗੀ ਹੈ ਜੋ ਆਮ ਕਿਸਾਨ ਦੇ ਲੈਣਾ ਬੱਸ ਤੋ ਬਾਹਰ ਦੀ ਗੱਲ ਹੈ ਉਹਨਾ ਸਰਕਾਰ ਪਾਸੋ ਮੰਗ ਕਰਦਿਆ ਕਿਹਾ ਸਰਕਾਰ ਸਬਸਿਡੀ ਤੇ ਮਸ਼ੀਨਰੀ ਦੇਵੇ ਤੇ ਕਿਸਾਨਾ ਨੂੰ ਪਰਾਲੀ ਪ੍ਰਬੰਧਨ ਲਈ 2500 ਰੁਪਏ ਪ੍ਰਤੀ ਏਕੜ ਸਹਾਇਤਾ ਰਾਸੀ ਦਿਤੀ ਵੀ ਜਾਵੇ। ਉਹਨਾ ਸੰਬੋਧਨ ਕਰਦਿਆ ਕਿਹਾ ਕਿ ਸਰਕਾਰ ਵੱਲੋ ਪੈਟਰੋਲ ਤੇ ਡੀਜ਼ਲ ਵਿਚ ਕੀਤਾ ਵਾਧਾ ਕਿਸਾਨੀ ਲਈ ਆਰਥਿਕ ਬੋਝ ਵਧੇਗਾ। ਕਿਸਾਨ ਨੂੰ ਤਾ ਇਹ ਸੀ ਕਿ ਆਪ ਪਾਰਟੀ ਦੀ ਸਰਕਾਰ ਕਿਸਾਨੀ ਲਈ ਡੀਜ਼ਲ ਤੇ ਵਿਸੇਸ ਸਬਸਿਟੀ ਦੇਵੇਗੀ ਪਰ ਸਰਕਾਰ ਨੇ ਵਾਧਾ ਕਰਕੇ ਕਿਸਾਨੀ ਦਾ ਹੋਰ ਗਲਾ ਘੁੱਟ ਦਿਤਾ ਹੈ। ਇਸ ਮੌਕੇ ਉਹਨਾ ਕਿਹਾ ਕਿ ਸਰਕਾਰ ਕੋ: ਸੁਸਾਇਟੀਆ ਵਿਚ ਡੀ ਏ ਪੀ ਖਾਦ ਵੀ ਪਹਿਲ ਦੇ ਅਧਾਰ ਤੇ ਭੇਜੇ ਕਿਉਕਿ ਆਲੂ ਤੇ ਕਣਕ ਦੀ ਬਿਜਾਈ ਦਾ ਸਮਾ ਨਜਦੀਕ ਹੈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਗੁਰਨਾਮ ਸਿੰਘ ਠੀਕਰੀਵਾਲ, ਬਲਦੇਵ ਸਿੰਘ ਬਿੱਟੂ ਝਲੂਰ, ਸਿੰਕਦਰ ਸਿੰਘ ਸਰਪੰਚ, ਯਾਦਵਿੰਦਰ ਸਿੰਘ ਰਾਜਗੜ੍ਹ, ਭੁਪਿੰਦਰ ਸਿੰਘ ਰੂੜਕੇ ਕਲਾ, ਬਲਾਕ ਪ੍ਰਧਾਨ ਮਹਿਲ ਕਲਾ ਪਰਮਜੀਤ ਸਿੰਘ ਢੀਂਡਸਾ, ਬਲਾਕ ਪ੍ਰਧਾਨ ਸਹਿਣਾ ਜਸਵੀਰ ਸਿੰਘ ਸੁਖਪੁਰਾ, ਬਲਾਕ ਪ੍ਰਧਾਨ ਬਰਨਾਲਾ ਜਸਵੀਰ ਸਿੰਘ ਕਾਲੇਕੇ, ਬੁੱਗਰ ਸਿੰਘ ਫਰਵਾਹੀ, ਰਾਜਿੰਦਰ ਸਿੰਘ ਦਰਾਕਾ,ਰੁਪਿੰਦਰ ਸਿੰਘ ਟੱਲੇਵਾਲ, ਅਮਰਜੀਤ ਸਿੰਘ ਭੋਲਾ ਸਹਿਜੜਾ, ਰਣਜੀਤ ਸਿੰਘ ਕਲਾਲਾ, ਇੰਦਰਜੀਤ ਸਿੰਘ ਧਨੌਲਾ, ਜਗਤ ਸਿੰਘ ਧੂਰਕੋਟ, ਜਗਸੀਰ ਸਿੰਘ ਚੀਮਾ, ਊਧਮ ਸਿੰਘ ਜੋਧਪੁਰ, ਟੇਕ ਸਿੰਘ ਪੱਤੀ ਸੇਖਵਾ, ਗੁਰਪ੍ਰੀਤ ਸਿੰਘ ਢਿਲਵਾ, ਸੁਖਜਿੰਦਰ ਸਿੰਘ, ਕਲਵੰਤ ਸਿੰਘ ਚੂੰਘਾ, ਗੁਰਵਿੰਦਰ ਸਿੰਘ ਸਹਿਣਾ, ਅਵਤਾਰ ਸਿੰਘ ਠੀਕਰੀਵਾਲ , ਪ੍ਰਧਾਨ ਇਕਾਈ ਮੱਲੀਆ, ਬੇਅੰਤ ਸਿੰਘ ਛੀਨੀਵਾਲ, ਬਲਜੀਤ ਸਿੰਘ ਬੱਲੀ , ਹਰਦੀਪ ਸਿੰਘ ਧੌਲਾ,ਬੂਟਾ ਸਿੰਘ ਸੇਖਾ, ਹਰਭਜਨ ਸਿੰਘ ਕੋਠੇ ਸੁਰਜੀਤਪੁਰਾ, ਬਲਜਿੰਦਰ ਸਿੰਘ ਤੋ ਇਲਾਵਾ ਸਾਰੀਆ ਇਕਾਈਆ ਦੇ ਆਗੂ ਤੇ ਕਿਸਾਨ ਹਾਜ਼ਰ ਸਨ।

# ਰਾਸ਼ਨ ਕਾਰਡ ਹੋਲਡਰ ਆਪਣੇ ਕੇ.ਵਾਈ.ਸੀ ਜ਼ਰੂਰ ਕਰਵਾਉਣ



**ਅੰਮ੍ਰਿਤਸਰ 12 ਸਤੰਬਰ (ਸੋਨੂੰ ਨਰੂਲਾ)** ਫੂਡ ਐਂਡ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰ ਆਕਾਸ਼ ਭਾਟੀਆ ਨੇ ਸਮੂਹ ਸਰਕਾਰੀ ਰਾਸ਼ਨ ਕਾਰਡ ਲਾਭਪਾਤਰੀਆਂ ਨੂੰ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਵਿਅਕਤੀ ਦਾ ਵੀ ਸਰਕਾਰੀ ਰਾਸ਼ਨ ਕਾਰਡ ਬਣਿਆ ਹੋਇਆ ਹੈ, ਉਹ ਆਪਣੇ ਸਮੂਹ ਪਰਿਵਾਰਿਕ ਮੈਂਬਰ ਜਿਨ੍ਹਾਂ ਦੇ ਰਾਸ਼ਨ ਕਾਰਡ ਵਿਚ ਨਾਮ ਹਨ। ਉਹ ਆਪਣੇ ਨੇੜਲੇ ਡੀਪੂ ਹੋਲਡਰ ਕੋਲ ਜਾ ਕੇ ਆਪਣੀ ਈ. ਕੇ. ਵਾਈ. ਸੀ. ਕਰਵਾ ਲੈਣ। ਜੇਕਰ ਕੋਈ ਲਾਭਪਾਤਰੀ ਪੰਜਾਬ ਦੇ ਕਿਸੇ ਹੋਰ ਜ਼ਿਲ੍ਹੇ ਜਾਂ ਕਿਸੇ ਬਾਹਰਲੀ ਸਟੇਟ ਵਿਚ ਕੰਮ–ਕਾਰ ਕਰਦਾ ਹੈ ਉਹ ਆਪਣਾ ਉਸ ਇਲਾਕੇ ਦੇ ਨੇੜੇ ਦੇ ਡੀਪੂ ਹੋਲਡਰ ਕੋਲ ਜਾ ਕੇ ਈ.ਕੇ.ਵਾਈ.ਸੀ. ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਬਜ਼ੁਰਗਾਂ ਅਤੇ ਬੱਚਿਆਂ ਦੇ ਮਸ਼ੀਨ ਵਿਚ ਅੰਗੂਠੇ ਨਹੀਂ ਲੱਗਦੇ ਹਨ, ਉਹ ਆਪਣੇ ਨਜ਼ਦੀਕੀ ਸੁਵਿਧਾ ਸੈਂਟਰ ਵਿਖੇ ਜਾ ਕੇ ਆਪਣਾ ਅਧਾਰ ਕਾਰਡ ਅਪਡੇਟ ਕਰਵਾ ਕੇ ਈ. ਕੇ. ਵਾਈ. ਸੀ. ਕਰਵਾ ਲੈਣ ਤਾਂ ਜੋ ਭਵਿੱਖ ਵਿਚ ਰਾਸ਼ਨ ਲੈਣ ਸਮੇਂ ਕੋਈ ਪਰੇਸ਼ਾਨੀ ਨਾ ਹੋਵੇ। ਈ. ਕੇ. ਵਾਈ. ਸੀ. ਨਾਂ ਕਰਵਾਉਣ ਵਾਲੇ ਵਿਅਕਤੀ ਦਾ ਨਾਮ ਰਾਸ਼ਨ ਕਾਰਡ 'ਚੋਂ ਕੱਟ ਦਿੱਤਾ ਜਾਵੇਗਾ ਅਤੇ ਨਾਲ ਹੀ ਉਸ ਦਾ ਰਾਸ਼ਨ ਵੀ ਬੰਦ ਹੋ ਜਾਵੇਗਾ। ਇਸ ਮੌਕੇ ਡੀਪੂ ਹੋਲਡਰ ਪਰਦੀਪ ਖੋਸਲਾ ਸੁਧੀਰ ਦੇਵਗਨ ਸੁਧੀਰ ਕਪਾਈ ਰਵਿੰਦਰ ਮਿੰਟਾ ਨਾਲ ਸਨ।

# ਪਿੰਡ ਠੀਕਰੀਵਾਲਾ ਦੀਆਂ ਸਮੁੱਚੀਆਂ ਸੰਸਥਾਵਾਂ ਚਿੱਟੇ ਤੇ ਹੋਰ ਨਸ਼ਿਆਂ ਵਿਰੁੱਧ ਇੱਕਜੁੱਟ ਹੋਈਆਂ



**ਬਰਨਾਲਾ 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਅਮਰ ਸ਼ਹੀਦ ਸ੍ਰ: ਸੇਵਾ ਸਿੰਘ ਜੀ ਦੇ ਜੱਦੀ ਪਿੰਡ ਠੀਕਰੀਵਾਲਾ ਵਿਖੇ ਚਿੱਟੇ ਨਾਲ ਹੋਈਆਂ ਮੌਤਾਂ ਨੂੰ ਲੈ ਕੇ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਕਿਸਾਨ ਯੂਨੀਅਨ ਕਾਦੀਆਂ, ਕਿਸਾਨ ਯੂਨੀਅਨ ਡਕੌਂਦਾ, ਕਿਸਾਨ ਯੂਨੀਅਨ ਸਿੱਧੂਪੁਰ, ਕਿਸਾਨ ਯੂਨੀਅਨ ਜੈ ਕਿਸਾਨ ਅੰਦੋਲਨ, ਕਿਸਾਨ ਯੂਨੀਅਨ ਰਾਜੇਵਾਲ, ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਰਾਜਨੀਤਕ ਪਾਰਟੀਆਂ, ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ ਦਲ), ਭਾਰਤੀ ਜਨਤਾ ਪਾਰਟੀ, ਸਮਾਜਿਕ ਜਥੇਬੰਦੀਆਂ ਨੌਜਵਾਨ ਸਭਾ, ਅਮਰ ਸ਼ਹੀਦ ਸ੍ਰ. ਸੇਵਾ ਸਿੰਘ ਐਵਰਗਰੀਨ ਸੁਸਾਇਟੀ, ਭਾਈ ਘਨੱਈਆ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਫੁੱਟਬਾਲ ਸਪੋਰਟਸ ਕਲੱਬ, ਡੇਰਾ ਬਾਬਾ ਮੋਨੀ ਜੀ ਕਮੇਟੀ, ਭਗਤ ਰਵਿਦਾਸ ਕਮੇਟੀਆਂ, ਸ਼ਿਵ ਮੰਦਿਰ ਕਮੇਟੀ, ਬਾਬਾ ਵਿਸ਼ਵਕਰਮਾ ਕਮੇਟੀ, ਮੁਲਾਜ਼ਮ ਡਿਫੈਂਸ ਕਮੇਟੀ, ਠੀਕਰੀਵਾਲਾ, ਸਾਬਕਾ ਫੌਜੀ ਜਥੇਬੰਦੀ ਅਤੇ ਸਮੂਹ ਨਗਰ ਨਿਵਾਸੀਆਂ ਦੀ ਇੱਕ ਵਿਸ਼ਾਲ ਇਕੱਤਰਤਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਕੀਤੀ ਗਈ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਨੇ ਦਿਨੋਂ ਦਿਨ ਵਧ ਰਹੇ ਨਸ਼ਿਆਂ ਦੇ ਵਪਾਰ ਅਤੇ ਵਰਤੋਂ ਦੀ ਲੜੀ ਤੋੜਨ ਲਈ ਆਪਣੇ ਆਪਣੇ ਸੁਝਾਅ ਦਿੱਤੇ। ਸਰਬੱਤ ਦੇ ਭਲੇ ਹਿੱਤ ਨਸ਼ਿਆਂ ਖ਼ਾਸਕਰ ਚਿੱਟੇ ਦੀ ਭੇਂਟ ਚੜ੍ਹ ਰਹੇ ਇਕਲੌਤੇ ਚਿਰਾਗ ਜੋ ਮਾਪਿਆਂ ਨੂੰ ਰੋਂਦੇ ਵਿਲਕਦੇ ਦੁਨੀਆਂ ਨੂੰ ਛੱਡ ਰਹੇ ਹਨ ਰਾਤੋ ਰਾਤ ਅਮੀਰ ਬਣਨ ਦੇ ਲਾਲਚ ਵਿੱਚ ਕੁੱਝ ਮਾੜੇ ਅਨਸਰਾਂ ਖਿਲਾਫ਼ ਭਰਵੀਂ ਇਕੱਤਰਤਾ ਕੀਤੀ ਗਈ ਜੋ ਵੀ ਇਨਾਂ ਨਸ਼ਿਆਂ ਨੂੰ ਨਗਰ ਵਿੱਚ ਵੇਚਦਾ ਫ਼ੜਿਆ ਜਾਂਦਾ ਹੈ ਉਸ ਦਾ ਨਗਰ ਸਮਾਜਿਕ ਬਾਈਕਾਟ ਅਤੇ ਕਾਨੂੰਨੀ ਕਾਰਵਾਈ ਕਰਵਾਏਗਾ। ਉਪਰੰਤ ਪਿੰਡ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਦੀ 50 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਫੈਸਲਾ ਕੀਤਾ ਗਿਆ ਕਿ ਪਿੰਡ ਵਿੱਚ ਨਸ਼ਾ ਵਰਤਣ ਵਾਲੇ ਅਤੇ ਵੇਚਣ ਵਾਲਿਆਂ ਲਈ ਚਿਤਾਵਨੀ ਵਾਲੇ ਬੈਨਰ ਲਗਾਏ ਜਾਣਗੇ, ਗੁਰਦੁਆਰਾ ਸਾਹਿਬ ਤੋਂ ਅਤੇ ਈ–ਰਿਕਸ਼ਾ ਰਾਹੀਂ ਲਗਾਤਾਰ ਅਨਾਊਂਸਮੈਂਟ ਕਰਵਾਈ ਜਾਵੇਗੀ। ਪਿੰਡ ਦੇ ਦੁਕਾਨਦਾਰਾਂ ਨੂਮ ਸਟਿੰਗ ਵਰਗੇ ਡਰਿੰਕ ਨਾ ਵੇਚਣ ਦੀ ਬੇਨਤੀ ਕੀਤੀ ਜਾਵੇਗੀ। ਆਉਂਦੇ ਦਿਨਾਂ ਵਿੱਚ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗਾਂ ਕੀਤੀਆ ਜਾਣਗੀਆਂ। ਪਿੰਡ ਵਿੱਚ ਨਸ਼ਾ ਕਰਦੇ ਨੌਜਵਾਨਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਮਾਪਿਆਂ ਨਾਲ ਰਾਬਤਾ ਕੀਤਾ ਜਾਵੇਗਾ। ਇਸ ਮੌਕੇ ਜਗਸੀਰ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਪੰਚ ਕਿਰਨਜੀਤ ਸਿੰਘ ਹੈਪੀ, ਦਰਸ਼ਨ ਸਿੰਘ, ਪੰਚਾਇਤ ਮੈਂਬਰ ਗੁਰਚਰਨ ਸਿੰਘ,ਮਨੀ ਢੀਂਡਸਾ, ਧਰਮਿੰਦਰ ਸਿੰਘ ਔਲਖ, ਗੁਰਜੰਟ ਸਿੰਘ ਜੋਧਪੁਰੀਆ, ਸਾਬਕਾ ਸਰਪੰਚ ਪ੍ਰਗਟ ਸਿੰਘ, ਮਲਕੀਤ ਸਿੰਘ, ਗੁਰਨਾਮ ਸਿੰਘ ਨੱਥੋਵਾਲੀਆ, ਰਣਜੀਤ ਸਿੰਘ, ਇੰਦਰਜੀਤ ਸਿੰਘ, ਜਗਰੂਪ ਸਿੰਘ ਕਾਕਾ, ਜਸਪ੍ਰੀਤ ਸਿੰਘ ਹੈਪੀ, ਅਵਤਾਰ ਸਿੰਘ, ਬੂਟਾ ਸਿੰਘ ਧਾਲੀਵਾਲ, ਮਲਕੀਤ ਸਿੰਘ ਮਾਨ, ਗੁਰਪ੍ਰੀਤ ਸਿੰਘ ਔਲਖ, ਡਾ ਦਰਸ਼ਨ ਸਿੰਘ, ਮਾਸਟਰ ਰਜੇਸ਼ ਕੁਮਾਰ ਬਿੱਟੂ,ਮਾਸਟਰ ਨਿਰਮਲ ਸਿੰਘ ਔਲਖ, ਖਜ਼ਾਨਾ ਅਫਸਰ ਬਲਵੰਤ ਸਿੰਘ ਭੁੱਲਰ, ਗੋਬਿੰਦ ਸਿੰਘ ਭੁੱਲਰ, ਕੁਲਵਿੰਦਰ ਸਿੰਘ, ਸਤਨਾਮ ਸਿੰਘ ਔਲਖ, ਬੇਅੰਤ ਸਿੰਘ ਮਾਨ, ਹਰਪ੍ਰੀਤ ਸਿੰਘ ਔਲਖ, ਸੰਦੀਪ ਸਿੰਘ, ਵਰਿੰਦਰਜੀਤ ਸਿੰਘ, ਨਿਰਪਾਲ ਸਿੰਘ, ਹਰਦੇਵ ਸਿੰਘ ਚੇਅਰਮੈਨ, ਰੂਪ ਸਿੰਘ, ਮੰਦਰ ਸਿੰਘ, ਸੰਦੀਪ ਸਿੰਘ ਭੁੱਲਰ, ਬੂਟਾ ਖਾਨ, ਬੂਟਾ ਸਿੰਘ ਧਾਲੀਵਾਲ, ਜਗਤਾਰ ਸਿੰਘ, ਗੋਲਡੀ ਹਾਜ਼ਰ ਸਨ।

# ਬਿਜਲੀ ਕਾਮਿਆਂ ਦੀ ਹੜਤਾਲ ਤੀਜੇ ਦਿਨ ਵੀ ਜਾਰੀ, ਸਮੂਹਿਕ ਛੁੱਟੀ ਵਿੱਚ ਕੀਤਾ 17 ਤੱਕ ਵਾਧਾ



**ਭੀਖੀ, 12 ਸਤੰਬਰ (ਸੰਦੀਪ ਤਾਇਲ)** ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋ ਬਿਜਲੀ ਕਾਮਿਆਂ ਦੀਆਂ ਵਾਜਿਬ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਦੇ ਖਿਲਾਫ਼ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸੱਦੇ ਤੇ ਪਾਵਰਕਾਮ ਦੇ ਸਮੁੱਚੇ ਡਵੀਜ਼ਨਾਂ ਦਫਤਰਾਂ ਵਿੱਚ ਬਿਜਲੀ ਕਾਮਿਆਂ ਵੱਲੋਂ ਤੀਸਰੇ ਦਿਨ ਵੀ ਸਮੂਹਿਕ ਛੁੱਟੀ ਲੈ ਕੇ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਨੇ ਵੀ ਹਮਾਇਤ ਦਾ ਐਲਾਨ ਕੀਤਾ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਬਿਜਲੀ ਮੰਤਰੀ ਨਾਲ ਮੁਲਾਜ਼ਮ ਮੰਗਾਂ ਤੇ ਹੋਈਆਂ ਸਹਿਮਤੀਆਂ ਅਨੁਸਾਰ ਡਿਊਟੀ ਦੌਰਾਨ ਘਾਤਕ ਹਾਦਸੇ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪੀੜਤ ਪਰਿਵਾਰਾਂ ਨੂੰ ਇਕ ਕਰੋੜ ਦੀ ਮੁਆਵਜ਼ਾ ਰਾਸ਼ੀ ਦੇਣ ਸਮੇਤ ਕਾਮੇ ਨੂੰ ਸ਼ਹੀਦ ਦਾ ਦਰਜਾ ਦੇਣ, ਹਾਦਸੇ ਦਾ ਸ਼ਿਕਾਰ ਹੋਏ ਕਾਮੇ ਨੂੰ ਕੈਸ਼ ਲੈਸ ਇਲਾਜ ਦੀ ਸੁਵਿਧਾ ਲਾਗੂ ਕਰਨ, ਹਾਦਸੇ ਦੌਰਾਨ ਕਰਮਚਾਰੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ ਦੇ ਨਾਂ ਉੱਪਰ ਬਿਨਾਂ ਪੜਤਾਲ ਕੀਤੇ ਐਫਆਈਆਰ ਦਰਜ ਕਰਨ ਦੀ ਪਿਰਤ ਬੰਦ ਕਰਨ, ਹਜਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ , ਆਰਟੀਐਮ ਦੀ ਤਰੱਕੀ ਤੁਰੰਤ ਕਰਨ, ਸਲਮ ਤੋ ਲਮ ਦੀ ਤਰੱਕੀ ਕਰਨ, ਬਾਕੀ ਸਾਰੀਆਂ ਕੈਟੇਗਰੀਆਂ ਦੀਆਂ ਤਰੱਕੀਆਂ ਵਿੱਚ ਆਈ ਖੜੋਤ ਦੂਰ ਕਰਨ ਅਤੇ ਹੋਰ ਮੰਗਾਂ ਦੀ ਪੂਰਤੀ ਲਈ ਪੰਜਾਬ ਸਰਕਾਰ ਓਤੇ ਪਾਵਰਕਾਮ ਮੁਕਰ ਰਹੀ ਹੈ। ਮੰਗਾਂ ਲਾਗੂ ਕਰਨ ਦੀ ਥਾਂ ਤੇ ਸੰਘਰਸ਼ ਕਰ ਰਹੇ ਮੁਲਾਜ਼ਮਾਂ ਪਰਚੇ ਦੀਆਂ ਧਮਕੀਆਂ ਦਿੱਤੀਆ ਜਾ ਰਹੀਆਂ ਰਹੀਆਂ ਹਨ ਉਨ੍ਹਾਂ ਕਿਹਾ ਕਿ ਸਮੁੱਚੇ ਬਿਜਲੀ ਮੁਲਾਜ਼ਮ ਸਮੂਹਿਕ ਛੁੱਟੀ ਲੈ ਕੇ ਮੰਡਲ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜੁਆਇੰਟ ਫੋਰਮ ਪੰਜਾਬ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਇਹ ਸਮੂਹਿਕ ਛੁੱਟੀ ਵਿੱਚ 17 ਸਤੰਬਰ ਤੱਕ ਵਾਧਾ ਕੀਤਾ ਗਿਆ ਹੈ। ਇਸ ਮੌਕੇ ਉੱਗਰ ਸਿੰਘ ਦਲੇਲ ਸਿੰਘ ਵਾਲਾ, ਕਰਮਜੀਤ ਸਿੰਘ ਖੀਵਾ, ਗੁਰਬਿੰਦਰ ਸਿੰਘ ਖੀਵਾ, ਜੇਈ ਬਿੱਕਰ ਸਿੰਘ ਮੱਤੀ, ਰਾਮ ਸਿੰਘ ਬੋੜਾਵਾਲ, ਜੇਈ ਲੱਖਾ ਸਿੰਘ ਬੱਪੀਆਣਾ, ਪਰਮਜੀਤ ਸਿੰਘ ਭੀਖੀ, ਮਹਿੰਦਰ ਸਿੰਘ ਭੀਖੀ, ਮਿੱਠਾ ਸਿੰਘ ਭੀਖੀ, ਗੁਰਪ੍ਰੀਤ ਸਿੰਘ ਬੋੜਾਵਾਲ, ਕੁਲਦੀਪ ਸਿੰਘ ਬੱਪੀਆਣਾ, ਬਹਾਦਰ ਸਿੰਘ ਫਰਵਾਹੀ, ਪੈਨਸ਼ਨਰ ਐਸੋਸੀਏਸ਼ਨ ਅਜਾਦ ਦੇ ਮਹਿੰਦਰ ਸਿੰਘ ਭੀਖੀ, ਦਿਨੇਸ਼ ਕੁਮਾਰ ਸੋਨੀ, ਜਗਤਾਰ ਸਿੰਘ ਬੱਪੀਆਣਾ, ਕਿਸਾਨ ਯੂਨੀਅਨ ਦੇ ਸੂਬਾ ਆਗੂ ਗੁਰਨਾਮ ਸਿੰਘ ਭੀਖੀ, ਬਿੰਦਰ ਸਿੰਘ ਖੀਵਾ, ਸਤਵਿੰਦਰ ਸਿੰਘ, ਜਸਪਾਲ ਸਿੰਘ ਭੀਖੀ, ਸੇਵਕ ਸਿੰਘ ਬੱਪੀਆਣਾ ਅਤੇ ਕਾਲਾ ਸਿੰਘ ਸਮਾਉਂ ਨੇ ਵੀ ਸੰਬੋਧਨ ਕੀਤਾ।

### ਕਿਸਾਨ ਕਰਨਗੇ ਸੜਕ ਜਾਮ

ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਕਾ. ਗੁਰਨਾਮ ਸਿੰਘ ਭੀਖੀ ਨੇ ਧਰਨੇ ਨੂੰ ਸੰਬੋਧਨ ਕਰਨ ਤੋਂ ਬਾਦ ਪੱਤਰਕਾਰਾਂ ਨਾਲ ਗੱਲ ਕਰਦਿਆ ਕਿਹਾ ਕਿ ਭੀਖੀ ਗਰਿੱਡ ਨਾਲ ਸਬੰਧਤ ਕੁੱਝ ਫੀਡਰਾਂ ਦੀ ਬਿਜਲੀ ਸਪਲਾਈ ਬੰਦ ਪਈ ਜਿਸ ਨੂੰ ਮੁਲਾਜਮਾਂ ਦੇ ਸਮੂਹਿਕ ਛੁੱਟੀ ਤੇ ਚੱਲਦਿਆਂ ਬਹਾਲ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਗਰ ਸਪਲਾਈ ਬਹਾਲ ਨਹੀਂ ਕੀਤੀ ਜਾਂਦੀ ਤਾਂ ਉਹ 13 ਸਤੰਬਰ ਨੂੰ ਬੁਢਲਾਡਾ ਰੋਡ ਗਰਿੱਡ ਦੇ ਸਾਹਮਣੇ ਜਾਮ ਕਰਕੇ ਰੋਸ ਪ੍ਰਦਰਸ਼ਨ ਕਰਨਗੇ।

### ਕੀ ਕਹਿੰਦੇ ਹਨ ਐਸਡੀਓ:-

ਇਸ ਸਬੰਧੀ ਪਾਵਰਕਾਮ ਦੇ ਐਸਡੀਓ ਮੋਹਿਤ ਗਰਗ ਨਾਲ ਗੱਲ ਕਰਨ ਤੇ ਉਨ੍ਹਾਂ ਦੱਸਿਆ ਕਿ ਬਿਜਲੀ ਕਾਮਿਆਂ ਦੇ ਹੜਤਾਲ ਤੇ ਚੱਲਦਿਆਂ ਉਕਤ ਸਪਲਾਈ ਬਹਾਲ ਨਹੀਂ ਕੀਤੀ ਗਈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੀਮ ਨੂੰ ਬੁਲਾਇਆ ਗਿਆ ਗਿਆ ਜਿਸ ਦੁਆਰਾ ਬਿਜਲੀ ਸਪਲਾਈ ਬਹਾਲ ਕਰਨ ਦੀ ਕੋਸਿਸ਼ ਕੀਤੀ ਜਾਵੇਗੀ।

# ਸਿੱਧ ਬਾਬਾ ਮਦੂਲੀਆ ਦਾ ਸਲਾਨਾ ਦਿਹਾੜਾ ਮਨਾਇਆ



**ਭੀਖੀ 12 ਸਤੰਬਰ (ਸੰਦੀਪ ਤਾਇਲ)** ਸਥਾਨਕ ਸਿੱਧ ਪੁਰਸ਼ ਬਾਬਾ ਮਦੂਲੀਆ ਜੀ ਨੂੰ ਸਮਰਪਿਤ ਸਾਲਾਨਾ ਸ਼ੁਭ ਦਿਹਾੜੇ ਮੌਕੇ ਜਿੰਦਲ ਭਾਈਚਾਰੇ ਵੱਲੋਂ ਸ਼੍ਰੀ ਹਨੂਮਾਨ ਮੰਦਰ ਵਿਖੇ ਕਰਵਾਏ ਸਮਾਗਮ ਵਿੱਚ ਮੰਦਰ ਦੇ ਮੁੱਖ ਪੁਜਾਰੀ ਮਾਤਾ ਸਾਂਤੀ ਦੇਵੀ ਨੇ ਆਏ ਮਹਿਮਾਨਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਮਹਿਲਾ ਮੰਡਲ ਵੱਲੋਂ ਸੰਗੀਤਮਈ ਸੰਕੀਰਤਨ ਵੀ ਕੀਤਾ ਗਿਆ। ਇਸ ਮੌਕੇ ਸੋਨੂੰ ਜਿੰਦਲ ਨੇ ਕਿਹਾ ਕਿ ਮਨੁੱਖ ਨੂੰ ਧਾਰਮਿਕ ਪ੍ਰੋਗਰਾਮਾਂ ਵਿੱਚ ਆਉਣ ਦੇ ਨਾਲ ਹੀ ਆਪਸੀ ਭਾਈਚਾਰਕ ਸਾਂਝ ਵੱਧਦੀ ਹੈ। ਜਿਸ ਕਰਕੇ ਸਾਨੂੰ ਸਾਂਝੇ ਕੰਮਾਂ ਵਿੱਚ ਵੀ ਵੱਧ ਚੜ ਕੇ ਭਾਗ ਲੈਣਾ ਚਾਹੀਦਾ ਹੈ।ਇਸ ਮੌਕੇ ਡਾ. ਵਿਜੇ ਜਿੰਦਲ ਐਸਐਮਓ, ਹਨੂਮਾਨ ਮੰਦਰ ਕਮੇਟੀ ਦੇ ਪ੍ਰਧਾਨ ਹਰਬੰਸ ਬਾਂਸਲ, ਰਾਜਿੰਦਰ ਮਿੱਠੂ ਠੇਕੇਦਾਰ ਅਤੇ ਸੁਖਵਿੰਦਰ ਬਾਵਾ ਵੀ ਹਾਜਰ ਸਨ।

# ਸ਼੍ਰੀ ਸੁਰਿੰਦਰ ਕੁਮਾਰ ਗੁਪਤਾ ਸਰਵਹਿੱਤਕਾਰੀ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦੇ 11ਵੀਂ ਜਮਾਤ ਦੇ ਵਿਦਿਆਰਥੀ ਪਨਵ ਨੇ ਸਕੂਲ ਦਾ ਨਾਂ ਰੌਸ਼ਨ ਕੀਤਾ





**ਸ਼੍ਰੀ ਮੁਕਤਸਰ ਸਾਹਿਬ, 12 ਸਤੰਬਰ (ਰਵੀਨਾ ਅਰੋੜਾ)**- ਗੋਰਮੈਂਟ ਗਰਲ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਪੱਧਰੀ ਖੇਡ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿਚ ਸ੍ਰੀ ਸੁਰਿੰਦਰ ਕੁਮਾਰ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਦੀ 11ਵੀਂ ਜਮਾਤ ਦੇ ਵਿਦਿਆਰਥੀ ਪਨਵ ਖੁਰਾਨਾ ਨੇ ਅੰਡਰ-19 ਲੜਕਿਆਂ ਦੇ ਕਰਾਟੇ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਪ੍ਰਧਾਨ ਰਜਿੰਦਰ ਗਰਗ, ਉਪ ਪ੍ਰਧਾਨ ਸੁਰਿੰਦਰ ਧਵਨ ਅਤੇ ਅਸ਼ੋਕ ਕੁਮਾਰ ਕਮਰਾ, ਮੈਨੇਜਰ ਨਰੋਤਮ ਦਾਸ ਸ਼ਰਮਾ, ਪੈਟਰਨ ਜਗਨਨਾਥ ਖੁਰਾਨਾ ਅਤੇ ਰਾਜੇਸ਼ ਯਾਦਵ, ਸ਼ਸ਼ੀ ਕਾਂਤ ਆਹੂਜਾ, ਰਸ਼ਮੀ ਜੱਗਾ, ਗੌਰਵ ਮਲੂਜਾ ਅਤੇ ਜਿਲਾ ਪ੍ਰਧਾਨ ਰਾਜਪਾਲ ਪਠੇਲਾ ਨੇ ਪਨਵ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਪੂਰਨ ਚੰਦ ਅਤੇ ਵਾਈਸ ਪ੍ਰਿੰਸੀਪਲ ਸਰਿਤਾ ਸਿੰਘ ਨੇ ਪਨਵ ਦੀ ਇਸ ਪ੍ਰਾਪਤੀ ਲਈ ਪ੍ਰਸ਼ੰਸਾ ਕੀਤੀ ਅਤੇ ਉਸ ਦੇ ਆਉਣ ਵਾਲੇ ਜੀਵਨ ਵਿੱਚ ਵੀ ਸਫਲਤਾ ਦੀ ਕਾਮਨਾ ਕੀਤੀ।



# ਨਾਭਾ 'ਚ ਡਾਕਟਰਾਂ ਨੇ ਆਪਣੀਆਂ ਮੰਗਾਂ ਨੂੰ ਲੈਕੇ ਕੀਤਾ ਰੋਸ਼ ਪ੍ਰਦਰਸ਼ਨ, ਡਾਕਟਰਾਂ ਦੀਆਂ ਮੰਗਾਂ ਨਾਂ ਮੰਨੇ ਜਾਣ ਤੇ ਓਪੀਡੀ ਸੇਵਾਵਾਂ ਫਿਰ ਹੋਈਆਂ ਬੰਦ

**ਨਾਭਾ 12 ਸਤੰਬਰ (ਤਰੁਣ ਮਹਿਤਾਂ)** ਪੰਜਾਬ ਸਰਕਾਰ ਵੱਲੋਂ ਡਾਕਟਰਾਂ ਦੀਆਂ ਮੰਗਾਂ ਨਾ ਮੰਨੇ ਜਾਣ ਤੇ ਓਪੀਡੀ ਸੇਵਾਵਾਂ ਫਿਰ ਹੋਈਆਂ ਬੰਦ, ਨਾਭਾ ਦੇ ਵਿੱਚ ਡਾਕਟਰਾਂ ਨੇ ਕੀਤਾ ਰੋਸ਼ ਪ੍ਰਦਰਸ਼ਨ, ਡਾਕਟਰਾਂ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਤਿੰਨ ਦਿਨ ਲਗਾਤਾਰ ਹੜਤਾਲ ਸਾਡੀ ਹੜਤਾਲ ਚੱਲੀ ਪਰ ਪੰਜਾਬ ਸਰਕਾਰ ਨੇ ਸਾਡੀਆਂ ਮੰਗਾਂ ਤੇ ਕੋਈ ਧਿਆਨ ਨਹੀਂ ਦਿੱਤਾ ਮੀਟਿੰਗ ਵੀ ਕੀਤੀ ਪਰ ਮੀਟਿੰਗ ਬੇਸਿੱਟਾ ਰਹੀ, ਉਹਨਾਂ ਕਿਹਾ ਕਿ ਹੁਣ ਅਸੀਂ ਓਪੀਡੀ ਸੇਵਾਵਾਂ ਬਿਲਕੁਲ ਹੀ ਬੰਦ ਕਰ ਦਿੱਤੀਆਂ ਹਨ । ਜੇਕਰ ਸਾਡੀਆਂ ਮੰਗਾਂ ਵੱਲ ਸਰਕਾਰ ਨੇ ਕੋਈ ਧਿਆਨ ਨਾ ਦਿੱਤਾ ਤਾਂ ਅਸੀਂ ਹੋਰ ਵੀ ਸਖਤ ਐਕਸ਼ਨ ਲੈ ਸਕਦੇ ਹਾਂ ਜਿਸਦੀ ਸਾਰੀ ਜ਼ਿਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਸਿਵਲ ਹਸਪਤਾਲ ਨਾਭਾ ਦਾ ਡਾਕਟਰ ਭਾਈਚਾਰਾ ਅਤੇ ਸਟਾਫ ਮੌਜੂਦ ਸੀ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ 5 ਸਰਕਾਰੀ ਸਕੂਲਾਂ ਵਿੱਚ ਲਗਾਏਗਾ ਮੁਫ਼ਤ ਆਰ ਉ ਸਿਸਟਮ



**ਸ੍ਰੀ ਮੁਕਤਸਰ ਸਾਹਿਬ, 12 ਸਤੰਬਰ (ਰਵੀਨਾ ਅਰੋੜਾ, ਗੁਰਕਪਾਲ ਸਿੰਘ (ਲੱਕੀ ਚੜੇਵਾਨ)** ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਤੋਂ ਕਾਰਜ ਜਾਰੀ ਹਨ।ਇਸ ਲੜੀ ਤਹਿਤ ਡਾਕਟਰ ਐਸ ਪੀ ਸਿੰਘ ਓਬਰਾਏ ਦੇ ਹੁਕਮਾਂ ਅਨੁਸਾਰ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ 5 ਸਰਕਾਰੀ ਸਕੂਲਾਂ (ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮਲੋਟ, ਸਰਕਾਰੀ ਪ੍ਰਾਇਮਰੀ ਸਕੂਲ ਮੱਲ ਕਟੋਰਾ,ਸਰਕਾਰੀ ਪ੍ਰਾਇਮਰੀ ਸਕੂਲ ਭੰਗਚੜੀ, ਸਰਕਾਰੀ ਪ੍ਰਾਇਮਰੀ ਸਕੂਲ ਚਿੱਬੜਾਂ ਵਾਲੀ, ਸਰਕਾਰੀ ਹਾਈ ਸਕੂਲ ਨੰਦਗੜ੍ਹ) ਵਿੱਚ ਮੁਫ਼ਤ ਆਰ ਉ ਸਿਸਟਮ ਲਗਾਏ ਜਾ ਰਹੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਹੇਠਲਾ ਪਾਣੀ ਬਹੁਤ ਹੀ ਮਾੜਾ ਹੈ ਜਿਸ ਨੂੰ ਪੀਣ ਉਪਰੰਤ ਲੋਕ ਵੱਖ ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਦੇ ਬੱਚੇ ਵੀ ਧਰਤੀ ਹੇਠਲਾ ਪਾਣੀ ਪੀਣ ਤੋਂ ਬਾਅਦ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਅਤੇ ਇਸ ਤੋਂ ਪਹਿਲਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਸਕੂਲਾਂ ਅਤੇ ਹੋਰ ਜਨਤਕ ਥਾਵਾਂ ਤੇ ਡਾ ਓਬਰਾਏ ਵਲੋਂ 102 ਦੇ ਕਰੀਬ ਮੁਫ਼ਤ ਆਰ ਉ ਸਿਸਟਮ ਲਗਾਏ ਜਾ ਚੁੱਕੇ ਹਨ,ਵੱਖ ਵੱਖ ਸਕੂਲਾਂ ਵੱਲੋਂ ਡਾਕਟਰ ਐਸ ਪੀ ਸਿੰਘ ਓਬਰਾਏ ਨੂੰ ਆਰ ਉ ਸਿਸਟਮ ਲਗਾਏ ਜਾਣ ਦੀ ਬੇਨਤੀ ਕੀਤੀ ਗਈ ਸੀ ਅਤੇ ਡਾਕਟਰ ਓਬਰਾਏ ਵਲੋਂ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਤਰੁੰਤ ਪ੍ਰਵਾਨਗੀ ਦਿੱਤੀ ਗਈ, ਆਉਣ ਵਾਲੇ ਕੁੱਝ ਦੇ ਅੰਦਰ ਅੰਦਰ ਇਹ ਆਰ ਉ ਸਿਸਟਮ ਸਕੂਲਾਂ ਵਿੱਚ ਲਗਾਏ ਜਾਣਗੇ,ਇਸ ਉਪਰੰਤ ਵੱਖ ਵੱਖ ਸਕੂਲਾਂ ਵੱਲੋਂ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਬੱਚਿਆਂ ਦੇ ਮਾਪਿਆਂ ਵੱਲੋਂ ਵੀ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।



# ਐਸ.ਡੀ.ਐਮ ਤੇ ਡੀ.ਐਸ.ਪੀ ਨੇ ਕੀਤਾ ਸਿਵਲ ਹਸਪਤਾਲ ਦਾ ਅਚਨਚੇਤ ਦੌਰਾ

**ਭਵਾਨੀਗੜ 12ਸਤੰਬਰ (ਰਾਜ ਖੁਰਮੀ)** ਸਥਾਨਕ ਸਿਵਲ ਹਸਪਤਾਲ ਵਿਚ ਡਾਕਟਰੀ ਅਮਲੇ ਦੀ ਸੁਰੱਖਿਆ ਸਬੰਧੀ ਐਸ,ਡੀ,ਐਮ ਵਿਨੀਤ ਕੁਮਾਰ ਤੇ ਡੀ,ਐਸ,ਪੀ ਰਾਹੁਲ ਕੌਂਸਲ ਵੱਲੋਂ ਅਚਨਚੇਤ ਦੌਰਾ ਕੀਤਾ ਗਿਆ ।ਇਸ ਦੌਰਨ ਐਸਡੀਐਮ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਹਸਪਤਾਲਾਂ ਵਿੱਚ ਡਾਕਟਰੀ ਅਮਲੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤੇ ਗਏ ,ਦਿਸ਼ਾ ਨਿਰਦੇਸ਼ਾ ਅਨੁਸਾਰ ਅੱਜ ਡਿਪਟੀ ਕਮਿਸ਼ਨਰ ਸੰਗਰੂਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ। ਪ੍ਰਸ਼ਾਸਨ ਵੱਲੋਂ ਕਮਿਊਨਿਟੀ ਹੈਲਥ ਸੈਂਟਰ ਭਵਾਨੀਗੜ੍ਹ ਦਾ ਦੌਰਾ ਕੀਤਾ ਗਿਆ। ਹਸਪਤਾਲ ਵਿੱਚ ਡਾਕਟਰਾਂ ਅਤੇ ਸਬੰਧਿਤ ਸਟਾਫ਼ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਗਿਆ। ਹਸਪਤਾਲ ਵਿੱਚ ਬਿਜਲੀ ਅਤੇ ਕੈਮਰਿਆਂ ਦਾ ਪੁਖ਼ਤਾ ਨਿਰੀਖਣ ਕੀਤਾ ਗਿਆ। ਡਿਊਟੀ ਤੇ ਮੌਜੂਦ ਸਟਾਫ਼ ਨਾਲ ਗੱਲਬਾਤ ਕੀਤੀ ਗਈ। ਸਟਾਫ਼ ਵੱਲੋਂ ਵੀ ਸੁਰੱਖਿਆ ਸਬੰਧੀ ਪੇਸ਼ ਆ ਰਹੀਆਂ ਦਿੱਕਤਾਂ ਸੰਬੰਧੀ ਜਾਣੂ ਕਰਵਾਇਆ ਗਿਆ। ਜਾਂਚ ਟੀਮ ਵੱਲੋ ਮਰੀਜਾਂ ਅਤੇ ਆਮ ਲੋਕਾਂ ਨਾਲ ਵੀ ਗੱਲਬਾਤ ਕੀਤੀ ਗਈ। ਅੱਜ ਦੀ ਇਹ ਜਾਂਚ ਪੜਤਾਲ ਭਵਾਨੀਗੜ੍ਹ ਡਾ ਵਿਨੋਦ ਕੁਮਾਰ ਐਸ,ਐਮ,ਓ ਭਵਾਨੀਗੜ੍ਹ ਦੀ ਨਿਗਰਾਨੀ ਹੇਠ ਕੀਤੀ ਗਈ। ਇਸ ਮੌਕੇ ਗੁਰਵਿੰਦਰ ਸਿੰਘ, ਬਲਦੇਵ ਸਿੰਘ ,ਸਿਹਤ ਇੰਸਪੈਕਟਰ ਕਾਕਾ ਰਾਮ ਸ਼ਰਮਾ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ ਨੇ ਪਰਾਲੀ ਸਾੜਨ ਵਾਲੇ ਸੰਭਾਵਿਤ ਪਿੰਡਾਂ ਦਾ ਕੀਤਾ ਦੌਰਾ

- ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾਇਆ ਜਾਵੇਗਾ
- ਜਾਗਰੂਕਤਾ ਨਾਲ ਸਖ਼ਤ ਕਰਵਾਈ ਕਰਨੀ ਵੀ ਬਣਾਈ ਜਾਵੇ ਯਕੀਨੀ





**ਮਾਲੇਰਕੋਟਲਾ 12 ਸਤੰਬਰ (ਰਾਜੇਸ਼ ਸ਼ਰਮਾ)** ਪਰਾਲੀ ਸਾੜਨ ਦੀਆਂ ਗਤੀਵਿਧੀਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ ਪੱਲਵੀ ਵਲੋਂ ਪਰਾਲੀ ਸਾੜਨ ਵਾਲੇ ਸੰਭਾਵਿਤ ਪਿੰਡਾਂ ਹਥਨ,ਮੁਬਾਰਿਕਪੁਰ,ਰੁੜਕਾ ਵਿਖੇ ਕਿਸਾਨਾਂ ਨਾਲ ਪਰਾਲੀ ਨਾ ਸਾੜਨ ਦੇ ਉਦੇਸ਼ ਨਾਲ ਜਾਗਰੂਕਤਾ ਪੈਦਾ ਕਰਨ ਲਈ ਪਿੰਡ ਵਾਸੀਆਂ ਨਾਲ ਨੁੱਕੜ ਮੀਟਿੰਗਾਂ ਕੀਤੀਆਂ । ਇੱਥੇ ਇਹ ਵਰਨਣਯੋਗ ਹੈ ਕਿ ਇਹ ਮਲੇਰਕੋਟਲਾ ਦੇ ਉਹ ਪਿੰਡ ਹਨ ਜਿੱਥੇ ਪਿਛਲੇ ਸਾਲ ਸਭ ਤੋਂ ਜ਼ਿਆਦਾ ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਈ ਗਈ ਸੀ । ਇਸ ਮੌਕੇ ਉਨ੍ਹਾਂ ਨਾਲ ਐਸ.ਐਸ.ਪੀ.ਮਾਲੇਰਕੋਟਲਾ ਗਗਨ ਅਜੀਤ ਸਿੰਘ ਮੌਜੂਦ ਸਨ । ਨੁੱਕੜ ਮੀਟਿੰਗਾਂ ਕਰਦਿਆਂ ਡਾ ਪੱਲਵੀ ਨੇ ਪਿੰਡ ਨਿਵਾਸੀਆਂ ਨੂੰ ਕਿਹਾ ਕਿ ਖੇਤੀਬਾੜੀ ਚੰਗੀ ਸਮਝ ਅਤੇ ਇੱਕ ਵਧੀਆਂ ਕਿਸਮ ਦੀ ਚੰਗੀ ਭਾਵਨਾ ਸਮਾਜ ਵਿੱਚ ਪੈਦਾ ਕਰਦੀ ਹੈ । ਕੋਈ ਵੀ ਸਮਾਜ ਉਦੋਂ ਤੱਕ ਖ਼ੁਸ਼ਹਾਲ ਨਹੀਂ ਹੋ ਸਕਦਾ ਜਦੋਂ ਤੱਕ ਉਹ ਸਿੱਖ ਨਹੀਂ ਲੈਂਦਾ ਕਿ ਉਸ ਨੇ ਕੀ ਬੀਜਿਆਂ ਤੇ ਕੀ ਪਾਇਆ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਵਾਤਾਵਰਣ ਨੂੰ ਸੰਭਾਲਣ ਦੇ ਉਪਰਾਲੇ ਕਰਨੇ ਚਾਹੀਦੇ ਹਨ । ਉਨ੍ਹਾਂ ਦੱਸਿਆ ਕਿ ਸਾਲ 2022 ਵਿੱਚ 676 ਅੱਗ ਲਗਾਉਣ ਦੀਆਂ ਘਟਨਾਵਾਂ ਸੈਟਲਾਈਟ ਨਾਲ ਦਰਜ ਹੋਇਆ ਸਨ ਜੋ ਕਿ ਕਿਸਾਨਾਂ ਦੇ ਸਹਿਯੋਗ ਨਾਲ ਪਿਛਲੇ ਸਾਲ ਘੱਟ ਕੇ 413 ਰਹਿ ਗਈਆ ਹਨ । ਉਨ੍ਹਾਂ ਕਿਹਾ ਕਿ ਇਸ ਸਾਲ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਪ੍ਰਤੀ ਜ਼ੀਰੋ ਟੋਲਰੈਂਸ ਨੀਤੀ ਨੂੰ ਅਪਣਾ ਕੇ ਕਿਸਾਨਾਂ ਦੇ ਸਹਿਯੋਗ ਨਾਲ ਅੱਗਾਂ ਦੀਆਂ ਘਟਨਾਵਾਂ ਨੂੰ ਨਿਲ ਕੀਤਾ ਜਾਵੇਗਾ । ਉਨ੍ਹਾਂ ਹੋਰ ਕਿਹਾ ਕਿ ਖੇਤਾਂ 'ਚ ਪਰਾਲੀ ਨੂੰ ਅੱਗ ਲਾਉਣ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ, ਕਿਉਂਕਿ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਅਤਿ-ਆਧੁਨਿਕ ਮਸ਼ੀਨਰੀ ਦੇ ਪੂਰੇ ਪੁਖ਼ਤਾ ਇੰਤਜਾਮ ਹਨ, ਇਸ ਦੇ ਬਾਵਜੂਦ ਵੀ ਜੇਕਰ ਕਿਸੇ ਕਿਸਾਨ ਨੇ ਖੇਤਾਂ ਵਿੱਚ ਅੱਗ ਲਗਾਈ ਤਾਂ ਉਸ ਵਿਰੁੱਧ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਉਨ੍ਹਾਂ ਪਿੰਡ ਦੇ ਲੋਕਾਂ ਨਾਲ ਗੱਲ ਬਾਤ ਕਰਦਿਆਂ ਕਿਹਾ ਕਿ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਧਰਤੀ ਮਾਂ ਦੀ ਸਿਹਤ ਸੰਭਾਲ ਕਰੀਏ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਗੰਧਲਾ ਹੋਣ ਦੇ ਨਾਲ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ, ਉੱਥੇ ਹੀ ਧਰਤੀ ਦੀ ਸਿਹਤ ਵੀ ਖ਼ਰਾਬ ਹੋ ਰਹੀ ਹੈ ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਦਿਨ ਪ੍ਰਤੀ ਦਿਨ ਘੱਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਦੇ ਪ੍ਰਬੰਧਨ ਲਈ 1561 ਮਸ਼ੀਨਾਂ ਉਪਲਬੱਧ ਹਨ । ਜਿਸ ਵਿੱਚੋਂ ਐਕਸ ਸੀਟੂ 1500 ਅਤਿ ਆਧੁਨਿਕ ਮਸ਼ੀਨਾਂ ਅਤੇ 61 ਇੰਨ ਸੀਟੂ ਮਸ਼ੀਨਾਂ ਪਰਾਲੀ ਦਾ ਬਿਨਾਂ ਅੱਗਾਂ ਲਗਾਏ ਨਿਪਟਾਰਾ ਕਰਨ ਲਈ ਉਪਲਬੱਧ ਹਨ । ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਆਪਣੇ ਜੀਵਨ, ਵਾਤਾਵਰਣ ਤੇ ਧਰਤੀ ਨੂੰ ਸੰਭਾਲਣ ਲਈ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸੰਭਾਲਣ ਜਾਂ ਜਮੀਨ ਵਿੱਚ ਹੀ ਵਾਹੁਣ ਲਈ ਆਪਣੀ ਸੋਚ ਬਦਲਣ ਤੇ ਜੋਰ ਦਿੰਦਿਆ ਕਿਹਾ ਕਿ ਦੋਵੇਂ ਤਕਨੀਕਾਂ ਨਾਲ ਪਰਾਲੀ ਦਾ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ ਲਈ ਉਪਲਬਧ ਮਸ਼ੀਨਰੀ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਨ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਕਿਸਾਨਾਂ, ਸਰਪੰਚਾਂ, ਕਿਸਾਨ ਯੂਨੀਅਨਾਂ, ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਅਪੀਲ ਕਰਦਿਆਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਤੋਂ ਸਾਡੇ ਵਾਤਾਵਰਨ ਨੂੰ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਹਿਯੋਗ ਦੇਣ ਲਈ ਕਿਹਾ । ਉਪਰੋਕਤ ਪਿੰਡਾਂ ਤੋਂ ਇਲਾਵਾ ਪਿੰਡ ਭੁਦਨ ਅਤੇ ਕੁਠਾਲਾ ਵਿਖੇ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ।

# ਦੋ ਦਿਨ ਪਹਿਲਾਂ ਮਿਲੀ ਲਾਵਾਰਿਸ ਲਾਸ਼ ਦੇ ਵਾਰਸ ਮਿਲੇ

## ਗਰੀਬ ਹੋਣ ਕਾਰਨ ਸਮਾਜਸੇਵੀ ਸੰਸਥਾ ਨੇ ਅੰਤਿਮ ਸੰਸਕਾਰ ਕੀਤਾ

**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਮਲੋਟ ਸਿਟੀ ਪੁਲਸ ਨੂੰ ਦੋ ਦਿਨ ਪਹਿਲਾਂ ਮਿਲੀ ਇਕ ਲਾਵਾਰਿਸ ਲਾਸ਼ ਦੀ ਸ਼ਨਾਖਤ ਹੋ ਗਈ ਹੈ। ਗਰੀਬ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਸਮਾਜ ਸੇਵੀ ਸੰਸਥਾਵਾਂ ਨੇ ਉਸਦਾ ਅੰਤਿਮ ਸੰਸਕਾਰ ਕੀਤਾ। ਇਸ ਸਬੰਧੀ ਪੁਲਸ ਨੂੰ ਇਕ 65-70 ਸਾਲ ਦੇ ਵਿਅਕਤੀ ਦੀ ਲਾਸ਼ ਮਿਲੀ ਸੀ ਜਿਸ ਦੀ ਸ਼ਨਾਖਤ ਨਾ ਹੋਣ ਕਰਕੇ ਪੁਲਸ ਨੇ ਉਸਨੂੰ ਮੋਰਚਰੀ ਵਿਚ ਰੱਖ ਦਿੱਤਾ। ਬਾਅਦ ਵਿਚ ਪਤਾ ਲੱਗਾ ਕਿ ਮ੍ਰਿਤਕ ਦਾ ਨਾਮ ਕਾਲਾ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਟੇਲ ਨਗਰ ਹੈ। ਉਹ ਅੰਗਹੀਣ ਹੋਣ ਕਰਕੇ ਉਹ ਵਹੀਲ ਚੇਅਰ ਨੁਮਾ ਰੇਹੜੀ ਤੇ ਚੱਲਦਾ ਸੀ। ਮ੍ਰਿਤਕ ਦੇ ਭਰਾ ਕੁਲਵੰਤ ਸਿੰਘ ਜੋ ਖੁਦ ਸਕੂਲ ਵੈਨ ਦਾ ਡਰਾਇਵਰ ਹੈ ਨੇ ਦੱਸਿਆ ਕਿ ਕਾਲਾ ਸਿੰਘ ਕਈ ਸਾਲ ਪਹਿਲਾਂ ਟਰੱਕ ਥੱਲੇ ਆਉਣ ਕਰਕੇ ਲੱਤਾਂ ਤੋਂ ਅਪਾਹਜ ਹੋ ਗਿਆ ਸੀ । ਮ੍ਰਿਤਕ ਦਾ ਵਿਆਹ ਨਹੀਂ ਹੋਇਆ ਸੀ ਜਿਸ ਕਰਕੇ ਉਹ ਘਰ ਨਹੀਂ ਰਹਿੰਦਾ ਸੀ। ਪੁਲਸ ਨੇ ਕੁਲਵੰਤ ਸਿੰਘ ਦੇ ਬਿਆਨਾਂ ਤੇ 174 ਦੀ ਕਾਰਵਾਈ ਕਰ ਦਿੱਤੀ ਹੈ। ਇਸ ਮਾਮਲੇ ਵਿਚ ਪੰਜਾਬ ਪੁਲਸ ਦੇ ਕਰਮਚਾਰੀ ਗੁਰਪ੍ਰੀਤ ਸਿੰਘ ਦੇ ਯਤਨਾ ਨਾਲ ਵੱਖ ਵੱਖ ਸਮਾਜ ਸੇਵੀਆਂ ਨੇ ਮ੍ਰਿਤਕ ਦਾ ਧਾਰਮਿਕ ਰਸਮਾਂ ਨਾਲ ਅੰਤਿਮ ਸੰਸਕਾਰ ਕੀਤਾ। ਇਸ ਮੌਕੇ ਜੰਗਬਾਜ ਸ਼ਰਮਾ,ਰਜਿੰਦਰ ਜੁਨੇਜਾ, ਰਾਜ ਕੁਮਾਰ ਬਜਾਜ, ਸ਼ਾਤਨੂੰ ਛਾਬੜਾ, ਸੈਂਡੀ ਗਰੋਵਰ ਅਤੇ ਕੁਨਾਲ ਗਰੋਵਰ ਸਮੇਤ ਸਮਾਜ ਸੇਵੀਆਂ ਨੇ ਸਹਿਯੋਗ ਦਿੱਤਾ।

# 68ਵੀਂ ਪੰਜਾਬ ਰਾਜ ਜ਼ਿਲ੍ਹਾ ਪੱਧਰੀ ਖੇਡਾਂ ਅਥਲੀਟਿਕ ਮੀਟ ਸ਼ੂਰੜ ਖੇੜਾ ਸ਼ਹੀਦ ਪਰਮਾਨੰਦ ਸਪੋਰਟਸ ਸਟੇਡੀਅਮ ਸੱਪਾਂਵਾਲੀ ਵਿਖੇ ਸ਼ਾਨੋ ਸ਼ੌਕਤ ਨਾਲ ਸਮਾਪਤ





**ਪੱਟੀ ਸਦੀਕ, 12 ਸਤੰਬਰ (ਬਲਕਰਨ ਸਿੰਘ ਮਸ਼ਾਲ)**- 68ਵੀਂ ਪੰਜਾਬ ਰਾਜ ਜ਼ਿਲ੍ਹਾ ਪੱਧਰੀ ਖੇਡਾਂ ਅਥਲੀਟਿਕ ਮੀਟ ਸਟੇਡੀਅਮ ਸੱਪਾਂ ਵਾਲੀ ਵਿਖੇ ਪਿਛਲੇ ਤਿੰਨ ਦਿਨਾਂ ਤੋਂ ਜ਼ਿਲ੍ਹਾ ਸਿੱਖਿਆਂ ਅਫ਼ਸਰ ਸ਼੍ਰੀ ਬ੍ਰਿਜ ਮੋਹਨ ਬੇਦੀ ਜ਼ਿਲ੍ਹਾ ਸਕੱਤਰ ਖੇਡਾਂ ਸ੍ਰੀ ਕਸ਼ਮੀਰੀ ਲਾਲ ਸਕੱਤਰ ਖੇਡਾਂ, ਸ਼੍ਰੀਮਤੀ ਪਰਮਜੀਤ ਕੌਰ ਦੀ ਅਗਵਾਈ ਹੇਠ ਚੱਲ ਰਹੀਆਂ ਸਨ। ਇਸ ਜ਼ਿਲ੍ਹਾ ਪੱਧਰੀ ਐਥਲੀਟਕ ਮੀਟ ਵਿੱਚ ਜ਼ਿਲ੍ਹਾ ਭਰ ਤੋਂ ਸੈਂਕੜਿਆਂ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਆਪਣੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਅਤੇ ਇਲਾਕੇ ਦੇ ਨਿਵਾਸੀਆਂ ਦਾ ਖੇਡ ਮਨੋਰੰਜਨ ਕੀਤਾ। ਇਸ ਜ਼ਿਲ੍ਹਾ ਪੱਧਰੀ ਐਥਲੀਟਕ ਮੀਟ ਨੂੰ ਸਫ਼ਲ ਬਣਾਉਣ ਲਈ ਪਿੰਡ ਸੱਪਾਂਵਾਲੀ ਦੇ ਸਰਪੰਚ ਸ਼੍ਰੀ ਬਲਰਾਮ ਸਮੂਹ ਪੰਚਾਇਤ ਬਾਬਾ ਗਰੀਬ ਦਾਸ ਸਪੋਰਟਸ ਕਲੱਬਾਂ ਵਾਲੀ ਦੇ ਪ੍ਰਧਾਨ ਸ਼੍ਰੀ ਅਮਨ ਕੰਬੋਜ ਕਲੱਬ ਦੇ ਮੈਂਬਰ ਸਾਹਿਬਾਨ ਬਲਾਕ ਸਮਿਤੀ ਦੇ ਪ੍ਰਧਾਨ ਸ਼੍ਰੀ ਅਸ਼ੋਕ ਸਾਮਵਾਦ ਦਾ ਬਹੁਤ ਵੱਡਾ ਯੋਗਦਾਨ ਰਿਹਾ ਇਹਨਾਂ ਤੋਂ ਇਲਾਵਾ ਇਲਾਕੇ ਪਿੰਡ ਸੱਪਾਂਵਾਲੀ ਦੇ ਰਿਟਾਇਰ ਕੈਪਟਨ ਸ਼੍ਰੀ ਮਲਕੀਤ ਚੰਦ ਜ਼ਿਲ੍ਹੇ ਦੇ ਸਰੀਰਿਕ ਸਿੱਖਿਆਂ ਲੈਕਚਰਾਰ, ਡੀਪੀਈ, ਪੀਟੀਆਈ ਦੀ ਅਣਥੱਕ ਮਿਹਨਤ ਸਦਕਾ ਇਹ ਟੂਰਨਾਮੈਂਟ ਸਫ਼ਲ ਹੋਇਆ। ਇਸ ਟੂਰਨਾਮੈਂਟ ਦੌਰਾਨ ਅੱਜ ਤੀਜੇ ਦਿਨ ਜ਼ਿਲ੍ਹਾ ਸਿੱਖਿਆਂ ਅਫ਼ਸਰ ਸੀਨੀਅਰ ਸਕੈਂਡਰੀ ਸ਼੍ਰੀ ਬ੍ਰਿਜ ਮੋਹਨ ਬੇਦੀ ਜ਼ਿਲ੍ਹਾ ਸਕੱਤਰ ਖੇਡਾਂ ਕਸ਼ਮਰੀ ਲਾਲ ਅਬਜਰਵਰ ਸ਼੍ਰੀ ਕੁਲਦੀਪ ਕੁਮਾਰ ਪ੍ਰਿੰਸੀਪਲ ਪੱਤਰਿਆਂ ਵਾਲੀ ਬਲਾਕ ਨਿਊਡਲ ਅਫ਼ਸਰ ਸ਼੍ਰੀ ਜਸਵਿੰਦਰ ਸਿੰਘ ਪਿੰਡ ਦਾ ਸਰਪੰਚ ਸ਼੍ਰੀ ਬਲਰਾਮ ਸ਼੍ਰੀਮਤੀ ਪਰਮਜੀਤ ਕੌਰ ਨੇ ਖਿਡਾਰੀਆਂ ਨੂੰ ਇਨਾਮ ਵੰਡ ਕੇ ਅਤੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜ ਰਹਿਣ ਲਈ ਪ੍ਰੇਰਿਤ ਕੀਤਾ। ਇਹਨ੍ਹਾਂ ਤੋਂ ਇਲਾਵਾ ਖੇਡਾਂ ਨਾਲ ਜੁੜੇ ਅਧਿਆਪਕ, ਰਾਜਨੀਤਿਕ, ਖੇਡ ਪ੍ਰੇਮੀ ਅਤੇ ਪਿੰਡ ਵਾਸੀ ਹਾਜ਼ਰ ਰਹੇ।

# ਵਿਕਾਸ ਤੇ ਪੰਚਾਇਤ ਦਫਤਰ ਵੱਲੋਂ ਕਿਸੇ ਵੀ ਗਰਾਮ ਪੰਚਾਇਤ ਪ੍ਰਬੰਧਕ/ ਪੰਚਾਇਤ ਸਕੱਤਰ ਨੂੰ ਕਿਸੇ ਇੱਕੋ ਹੀ ਫੈਕਟਰੀ ਦੀ ਟਾਈਲ ਲਗਾਉਣ ਬਾਰੇ ਕੋਈ ਹਦਾਇਤ ਜਾਰੀ ਨਹੀਂ- ਰਿੰਪੀ ਗਰਗ

**ਮਾਲੇਰਕੋਟਲਾ 12 ਸਤੰਬਰ (ਰਾਜੇਸ਼ ਸ਼ਰਮਾ)** ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ਰਿੰਪੀ ਗਰਗ ਨੇ ਦੱਸਿਆ ਕਿ ਜ਼ਿਲੇ ਦੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਵਿੱਚ ਗੁਣਵਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਚ ਪੱਧਰੀ ਕੁਆਲਿਟੀ ਦੀਆਂ ਇੰਟਰਲਾਕ ਟਾਈਲਾਂ ਅਤੇ ਹੋਰ ਸਮੱਗਰੀ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ ਤਾਂ ਜੋ ਵਿਕਾਸ ਕੰਮਾਂ ਦਾ ਗੁਣਵੰਤਾ ਬਣੀ ਰਹੇ । ਉਨ੍ਹਾਂ ਦੱਸਿਆ ਕਿ ਵਿਕਾਸ ਕਾਰਜਾਂ ਵਿੱਚ ਵਰਤੋਂ ਕੀਤੇ ਜਾਣ ਵਾਲੇ ਸਾਮਾਨ ਦੀ ਖਰੀਦ ਸਰਕਾਰੀ ਗਾਈਡਲਾਈਨ ਨੂੰ ਮੁੱਖ ਰੱਖ ਕੇ ਹੀ ਕੀਤੀ ਜਾਂਦੀ ਹੈ। ਪਿਛਲੇ ਦਿਨੀ ਅਖਬਾਰ ਵਿੱਚ ਪ੍ਰਕਾਸ਼ਿਤ ਹੋਈ ਖਬਰ ਅਨੁਸਾਰ ਸਾਰੇ ਕਾਰਜਾਂ ਲਈ ਵਰਤੀਆਂ ਜਾਣ ਵਾਲੀਆਂ ਟਾਈਲਾਂ ਇੱਕੋ ਫੈਕਟਰੀ ਤੋਂ ਲੈਣ ਦਾ ਅੰਦੇਸ਼ਾ ਜ਼ਾਹਿਰ ਕੀਤਾ ਗਿਆ ਸੀ। ਜਿਸ ਤੇ ਸਪੱਸਟ ਕਰਦਿਆ ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਵਰਤੀ ਜਾਣ ਵਾਲੀ ਇੰਟਰਲਾਕ ਟਾਈਲ ਲੈਬੋਰਟਰੀ ਜਾਂਚ ਕਰਨ ਉਪਰੰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਲਗਾਈ ਜਾਣ ਦੀ ਹਦਾਇਤ ਪਹਿਲਾਂ ਤੋਂ ਹੀ ਕੀਤੀ ਗਈ ਹੈ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਇਹ ਸਪੱਸਟ ਕੀਤਾ ਹੈ ਕਿ ਵਿਕਾਸ ਤੇ ਪੰਚਾਇਤ ਦਫਤਰ ਵੱਲੋਂ ਕਿਸੇ ਵੀ ਗਰਾਮ ਪੰਚਾਇਤ ਪ੍ਰਬੰਧਕ/ ਪੰਚਾਇਤ ਸਕੱਤਰ ਨੂੰ ਕਿਸੇ ਇੱਕੋ ਫੈਕਟਰੀ ਦੀ ਟਾਈਲ ਲਗਾਉਣ ਬਾਰੇ ਹਦਾਇਤ ਨਹੀਂ ਕੀਤੀ ਗਈ। ਸਗੋਂ ਟਾਈਲਾਂ ਦੀ ਖਰੀਦ ਸਰਕਾਰ ਦੀ ਗਾਈਡ ਲਾਈਨਸ ਅਨੁਸਾਰ ਹੀ ਆਈ.ਐਸ.ਆਈ ਮਾਰਕਾ ਦੀ ਪਰਖ ਅਤੇ ਤਕਨੀਕੀ ਵਿੰਗ ਦੁਆਰਾ ਕੁਆਲਿਟੀ ਜਾਂਚ ਕਰਨ ਉਪਰੰਤ ਹੀ ਵਰਤੋਂ ਵਿੱਚ ਲਿਆਂਦੀਆਂ ਜਾਂਦੀਆਂ ਹਨ । ਉਨ੍ਹਾਂ ਸਬੰਧਤ ਵਿੰਗ ਦੇ ਅਧਿਕਾਰੀਆਂ ਨੂੰ ਹਦਾਇਤ ਜਾਰੀ ਕੀਤੀ ਕਿ ਵਿਕਾਸ ਕਾਰਜਾਂ ਦੇ ਕੰਮਾਂ ਵਿੱਚ ਗੁਣਵੰਤਾ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ । ਉਹ ਖੁਦ ਕੰਮਾਂ ਵਾਲੇ ਸਥਾਨਾਂ ਤੇ ਜਾ ਕੇ ਕੰਮ ਦੇ ਮਿਆਰ ਦੀ ਚੈਕਿੰਗ ਕਰਨ ਨੂੰ ਯਕੀਨੀ ਬਣਾਉਣ।



# ਟੀ ਐਸ ਯੂ ਤਹਿਤ ਕੰਮ ਕਰਦੀਆਂ ਵੱਖ ਵੱਖ ਮੁਲਾਜ਼ਮ ਤੇ ਪੈਨਸ਼ਨਰਜ ਜਥੇਬੰਦੀਆਂ ਵੱਲੋਂ ਹੜਤਾਲ ਕਰਕੇ ਧਰਨਾ ਦਿੱਤਾ



**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਟੀ ਐਸ ਯੂ ਤਹਿਤ ਕੰਮ ਕਰਦੀਆਂ ਵੱਖ ਵੱਖ ਮੁਲਾਜ਼ਮ ਤੇ ਪੈਨਸ਼ਨਰਜ ਜਥੇਬੰਦੀਆਂ ਵੱਲੋਂ ਹੜਤਾਲ ਕਰਕੇ ਧਰਨਾ ਦਿੱਤਾ ਗਿਆ। ਧਰਨੇ ਦੌਰਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਨਾਅਰੇਬਾਜ਼ੀ ਕੀਤੀ। ਇਸ ਸਬੰਧੀ ਪਾਵਰਕਾਮ ਮੁਲਾਜ਼ਮਾਂ ਨਾਲ ਸਬੰਧਤ ਸਾਂਝਾ ਫੋਰਮ ਏਕਤਾ ਮੰਚ ਦੇ ਸੱਦੇ ਤੇ ਟੈਕਨੀਕਲ ਸਰਵਿਸ ਯੂਨੀਅਨ ਭੰਗਾਲ, ਐਮ ਐਸ ਯੂ, ਜੂਨੀਅਰ ਇੰਜੀਨੀਅਰ ਐਸੋ.ਟੀ ਐਸ ਯੂ ਵੱਲੋਂ ਸਾਂਝੇ ਤੌਰ ਤੇ ਹੜਤਾਲ ਕੀਤੀ। ਇਸ ਮੌਕੇ ਜਥੇਬੰਦੀਆਂ ਵੱਲੋਂ ਧਰਨਾ ਲਾਇਆ ਜਿਸ ਵਿਚ ਪੈਨਸ਼ਨਰਜ ਐਸੋ.ਅਤੇ ਬੀ ਕੇ ਯੂ ਉਗਰਾਹਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨੇ ਮੁਲਾਜ਼ਮਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਵੀ ਲਾਗੂ ਨਹੀਂ ਕੀਤੀਆ ਜਾ ਰਹੀਆਂ । ਸਗੋਂ ਜਥੇਬੰਦੀਆਂ ਦੇ ਆਗੂਆਂ ਨੂੰ ਐਸਮਾ ਸਮੇਤ ਕਨੂੰਨਾਂ ਤਹਿਤ ਐਫ.ਆਈ.ਆਰ ਦਰਜ ਕਰਨ ਦੀਆਂ ਧਮਕੀਆਂ ਦਿੱਤੀਆ ਜਾ ਰਹੀਆਂ ਹਨ। ਉਹਨਾਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਡੀ ਏ ਦੀ ਕਿਸ਼ਤਾਂ ਸਮੇਤ ਏਅਰੀਅਰ , 2016 ਤੋਂ 30/6/21 ਤੱਕ ਸਕੇਲਾਂ ਦਾ ਬਕਾਇਆ ਅਤੇ 2.59 ਦੇ ਗੁਣਾਂਕ ਮੁਤਾਬਿਕ ਪੈਨਸ਼ਨ ਵਿਚ ਸੋਧ ਕਰਨੀ, ਨਵੀਂ ਤੇ ਪੱਕੀ ਭਰਤੀ ਕਰਨੀ ਸਮੇਤ ਮੰਗਾਂ ਨੂੰ ਪੂਰਾ ਕੀਤਾ ਜਾਵੇ। ਉਹਨਾਂ ਕਿਹਾ ਕਿ ਨਿੱਜੀ ਕਰਨ ਅਤੇ ਸਟਾਫ਼ ਦੀ ਘਾਟ ਕਰਕੇ ਹੋ ਰਹੇ ਹਾਦਸਿਆ ਦਾ ਸ਼ਿਕਾਰ ਹੋਕੇ ਮਰਨ ਵਾਲੇ ਕਰਮਚਾਰੀਆਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ। ਜਿਸ ਤਹਿਤ 1 ਕਰੋੜ ਦਾ ਮੁਆਵਜਾ ਅਤੇ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ। ਉਹਨਾਂ ਮੰਗ ਕੀਤੀ ਕਿ ਟਰਮੀਨੈਂਟ ਸਾਥੀਆਂ ਨੂੰ ਨੌਕਰੀ ਤੇ ਵਾਪਸ ਲਿਆ ਜਾਵੇ।ਇਸ ਮੌਕੇ ਹਰਜਿੰਦਰ ਸਿੰਘ, ਰਮੇਸ਼ ਕੁਮਾਰ, ਪੰਕਜ ਕੁਮਾਰ, ਇੰਦਰਜੀਤ ਜੇ ਈ, ਜਸਕੌਰ ਸਿੰਘ, ਬਲਰਾਜ ਮੱਕੜ, ਬਿੱਕਰ ਸਿੰਘ, ਨੱਥਾ ਸਿੰਘ, ਭੁਪਿੰਦਰ ਸਿੰਘ ਅਤੇ ਸੁਖਦੇਵ ਸਿੰਘ ਸਮੇਤ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਸੰਬੋਧਨ ਕੀਤਾ।

# ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਨੇ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਮਹੀਨਾਵਾਰ ਰਾਸ਼ਨ




**ਜਲਾਲਾਬਾਦ 12 ਸਤੰਬਰ (ਗਗਨ ਵਾਟਸ) :-** ਸ਼ਹਿਰ ਦੀ ਸਿਰਮੌਰ ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪਰਿਸ਼ਦ ਦੀ ਇਕ ਮੀਟਿੰਗ ਰੋਸ਼ਨ ਲਾਲ ਅਸੀਜਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਅੰਕੁਸ਼ ਇੰਟਰਪ੍ਰਾਈਜ ਦੀ ਦੁਕਾਨ ਤੇ ਹੋਈ ਜਿਸ ਵਿੱਚ ਡਾਕਟਰ ਪ੍ਰਕਾਸ਼ ਦੋਸ਼ੀ ਮੁੱਖ ਮਹਿਮਾਨ ਵਜੋਂ ਅਤੇ ਸੁਭਾਸ਼ ਗੁੰਬਰ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਆਏ। ਪ੍ਰਧਾਨ ਰੋਸ਼ਨ ਲਾਲ ਅਸੀਜਾ ਨੇ ਦੱਸਿਆ ਕਿ ਸੰਸਥਾ ਹਰ ਮਹੀਨੇ ਲੋੜਵੰਦ ਪਰਿਵਾਰਾਂ ਨੂੰ ਰਸੋਈ ਦਾ ਸਮਾਨ ਵੰਡਦੀ ਹੈ। ਜਿਸ ਵਿੱਚ ਰਸੋਈ ਵਿੱਚ ਕੰਮ ਆਉਣ ਵਾਲਾ ਲਗਭਗ ਸਾਰਾ ਸਮਾਨ ਹੁੰਦਾ ਹੈ। ਸਟੇਟ ਕਨਵੀਨਰ ਪ੍ਰਵੇਸ਼ ਖੰਨਾ ਜੀ ਨੇ ਸੰਸਥਾ ਵੱਲੋਂ ਚਲ ਰਹੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਵਿਸ਼ੇਸ਼ ਮਹਿਮਾਨ ਸ੍ਰੀ ਸੁਭਾਸ਼ ਗੁੰਬਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਸਥਾ ਜੋ ਗਰੀਬਾਂ ਨੂੰ ਰਾਸ਼ਨ ਦਿੰਦੀ ਹੈ ਇਹ ਬਹੁਤ ਹੀ ਉੱਤਮ ਅਤੇ ਨੇਕ ਕੰਮ ਹੈ, ਜਦੋਂ ਗਰੀਬ ਦਾ ਚੁੱਲਾ ਬਲਦਾ ਹੈ ਤਾਂ ਉਹਨਾਂ ਦੇ ਮੁੱਖੋਂ ਅਸੀਸਾਂ ਬਦੋਬਦੀ ਨਿਕਲਦੀਆਂ ਹਨ। ਹੋਰ ਵੀ ਸਭਾਵਾਂ ਨੂੰ ਅਜੇ ਅਜਿਹੇ ਕੰਮ ਕਰਨੇ ਚਾਹੀਦੇ ਹਨ। ਮੁੱਖ ਮਹਿਮਾਨ ਪ੍ਰਕਾਸ਼ ਦੋਸ਼ੀ ਜੀ ਨੇ ਤਰੀਫ ਕਰਦੇ ਹੋਏ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਸੰਸਥਾਜੋ ਗਰੀਬਾਂ ਨੂੰ ਰਾਸ਼ਨ ਵੰਡਣ ਦਾ ਕੰਮ ਕਰਦੀ ਹੈ ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਅਤੇ ਪ੍ਰਕਾਸ਼ ਦੋਸ਼ੀ ਜੀ ਨੇ ਸੰਸਥਾ ਨੂੰ ਸਹਿਯੋਗ ਵੀ ਦਿੱਤਾ। ਪੰਜਾਬ ਉਪ ਪ੍ਰਧਾਨ ਸ੍ਰੀ ਦਵਿੰਦਰ ਕੁੱਕੜ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਹਰ ਕਿਸੇ ਨੂੰ ਸਮਾਜ ਸੇਵੀ ਕੰਮ ਜਰੂਰ ਕਰਨੇ ਚਾਹੀਦੇ ਹਨ । ਖਜਾਨਚੀ ਸੁਰੇਸ਼ ਗਾਬਾ ਦੇ ਸਹਿਯੋਗ ਨਾਲ ਇਹ ਸਾਰਾ ਕੰਮ ਸਫਲਤਾ ਪੂਰਵਕ ਨੇਪਰੇ ਚੜ੍ਹਿਆ। ਇਸ ਸਮੇਂ ਪ੍ਰਧਾਨ ਰੋਸ਼ਨ ਅਸੀਜਾ ਦੇ ਨਾਲ ਦਵਿੰਦਰ ਕੁੱਕੜ, ਪ੍ਰਵੇਸ਼ ਖੰਨਾ , ਸੁਭਾਸ਼ ਗੁੰਬਰ ,ਕੇਵਲ ਸੁਖੀਜਾ, ਸਰੇਸ਼ ਗਾਬਾ, ਪ੍ਰਕਾਸ਼ ਦੋਸ਼ੀ,ਸਾਜਨ ਚੁੱਘ ,ਵਿਜੇ ਖੰਨਾ,ਮਦਨ ਦੂਮੜਾ, ਅਸ਼ੋਕ ਦੂਮੜਾ, ਰਮੇਸ਼ ਸਿਡਾਨਾ, ਰਾਜਨ ਦੂਮੜਾ,ਬੰਟੀ ਆਹੂਜਾ, ਹਰੀਸ਼ ਗਿਰਧਰ,ਅੰਕੁਸ਼ ਇੰਟਰਪ੍ਰਾਈਜ ਦੇ ਮਾਲਕ ਸ਼੍ਰੀ ਅੰਕੁਸ਼ ਅਸੀਜਾ ਆਦਿ ਹਾਜ਼ਰ ਸਨ।

# ਮਲੋਟ ਵਿਚ ਕੌਣ ਬਣੇਗਾ ਗੁਰੂ ਦਾ ਪਿਆਰਾ ਗੁਰਮਤਿ ਪ੍ਰਸ਼ਨਉਤਰੀ ਅਤੇ ਗੁਰਬਾਣੀ ਕੀਰਤਨ ਮੁਕਾਬਲਿਆਂ ਦਾ ਹੋਵੇਗਾ ਆਯੋਜਨ

## ਜੇਤੂ ਰਹਿਣ ਵਾਲਿਆਂ ਨੂੰ ਮਿਲਣਗੇ ਕਾਰ, ਬਾਇਕ ਆਦਿ ਵੱਡੇ ਇਨਾਮ



**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਬੱਚਿਆਂ ਨੂੰ ਸਿੱਖ ਵਿਰਸੇ, ਸਿੱਖ ਇਤਿਹਾਸ ਨਾਲ ਜੋੜ ਕੇ ਬਾਣੀ ਬਾਣੇ ਦੇ ਧਾਰਨੀ ਬਣਾਉਣ, ਗੁਰਮਤਿ ਰਹਿਤ ਮਰਿਆਦਾ ਵਿੱਚ ਪਰਪੱਕ ਕਰਨ ਦੇ ਉਦੇਸ਼ ਨਾਲ ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਮਲੋਟ ਵਿਖੇ ਨਿਆਰਾ ਸਿੱਖ ਵਿਰਸਾ ਸੰਸਥਾ ਵੱਲੋਂ ਖਾਲਸਾ ਸ਼ਾਨ ਨਾਲ ਸੰਬੰਧਿਤ 'ਕੌਣ ਬਣੇਗਾ ਗੁਰੂ ਦਾ ਪਿਆਰਾ' ਵਿਸ਼ੇਸ਼ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 9 ਤੋਂ ਵੱਧ ਉਮਰ ਦਾ ਕੋਈ ਵੀ ਬੱਾ ਨੌਜਵਾਨ ਭਾਗ ਲੈ ਸਕਦਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗਿਆਨੀ ਭਗਵਾਨ ਸਿੰਘ ਖੋਜੀ ਮੁਖੀ, ਹਰਦੀਪ ਸਿੰਘ, ਬਲਦੇਵ ਸਿੰਘ ਸਾਹੀਵਾਲ, ਕੁਲਵੰਤ ਸਿੰਘ ਮੱਕੜ, ਬਿੰਦਰਪਾਲ ਸਿੰਘ, ਜੋਗਿੰਦਰ ਸਿੰਘ ਨੇ ਦੱਸਿਆ ਕਿ ਇਹ ਮੁਕਾਬਲਾ ਨਿਆਰਾ ਸਿੱਖ ਵਿਰਸਾ ਪੁਸਤਕ ਵਿੱਚੋਂ ਹੀ ਹੋਵੇਗਾ ਜਿਸ ਵਿੱਚ ਪਹਿਲਾ ਭਾਗ ਨੌਂ ਤੋਂ 15 ਸਾਲ ਦੇ ਪ੍ਰਤੀਯੋਗੀਆਂ ਲਈ ਦੂਜਾ ਭਾਗ 16 ਤੋਂ 90 ਸਾਲ ਦੇ ਪ੍ਰਤੀਯੋਗੀਆਂ ਲਈ ਰੱਖਿਆ ਗਿਆ ਹੈ। ਇਸ ਸਬੰਧੀ ਪਹਿਲਾਂ ਇੱਕ ਲਿਖਤੀ ਸੰਖੇਪ ਪ੍ਰਸ਼ਨਾਂ ਵਾਲਾ ਟੈਸਟ ਲਿਆ ਜਾਵੇਗਾ ਜਿਸ ਵਿੱਚ ਚਾਰ ਜਵਾਬ ਦਿੱਤੇ ਜਾਣਗੇ ਪ੍ਰੋਪਰ ਚੁਣੇ ਜਾਣ ਵਾਲੇ ਪ੍ਰਤੀਯੋਗੀਆਂ ਦਾ ਦੂਜਾ ਰਾਊਂਡ ਇਕ ਘੰਟੇ ਬਾਅਦ ਹੋਟ ਸੀਟ ਤੇ ਟੀਵੀ ਸਕਰੀਨ ਉੱਪਰ ਸ਼ੁਰੂ ਹੋਵੇਗਾ ਜਿਸ ਵਿੱਚ 10 ਸਵਾਲ ਪੁੱਛੇ ਜਾਣਗੇ ਹਰ ਸਵਾਲ ਦਾ ਜਵਾਬ ਦੇਣ ਲਈ 30 ਸੈਕਿੰਡ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ ਜਿਸ ਵਿੱਚ ਸਵਾਲ ਦਾ ਜਵਾਬ ਦੇਣ ਲਈ ਦੋ ਲਾਈਫ ਲਾਈਨ ਦਿੱਤੀਆਂ ਜਾਣਗੀਆਂ ਜਿਸ ਵਿੱਚ ਇੱਕ ਪਰਿਵਾਰਿਕ ਮੈਂਬਰ ਅਤੇ ਦੂਸਰੀ 50 -50 ਹੋਵੇਗੀ। ਹਰੇਕ ਪੜਾਅ ਦੇ ਇਨਾਮ ਮੌਕੇ ਤੇ ਹੀ ਦਿੱਤੇ ਜਾਣਗੇ ਇਸ ਤੋਂ ਇਲਾਵਾ ਹਰੇਕ ਪ੍ਰਤੀਯੋਗੀ ਨੂੰ ਸਰਟੀਫਿਕੇਟ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੁਕਾਬਲੇ ਲਈ ਪੰਜ ਮੈਂਬਰੀ ਕਮੇਟੀ ਦਾ ਪੈਨਲ ਜਜਮੈਂਟ ਲਈ ਤਿਆਰ ਕੀਤਾ ਜਾਵੇਗਾ ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਦੂਸਰਾ ਰਾਊਂਡ ਮਾਤਾ ਪਿਤਾ ਦੀ ਹਾਜ਼ਰੀ ਵਿੱਚ ਹੀ ਹੋਵੇਗਾ। ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਵਿੱਚੋਂ ਜਿੱਤਣ ਵਾਲੇ ਪ੍ਰਤੀਯੋਗੀਆਂ ਦਾ ਅੱਗੇ ਫਿਰ ਫਾਈਨਲ ਮੁਕਾਬਲਾ ਹੋਵੇਗਾ। ਫਾਈਨਲ ਮੁਕਾਬਲੇ ਉਪਰੰਤ ਹੀ ਪ੍ਰਤੀਯੋਗੀਆਂ ਨੂੰ ਕਾਰ , ਬੁਲਟ ਮੋਟਰਸਾਈਕਲ, ਵਿਦੇਸ਼ ਦੀ ਯਾਤਰਾ , ਕੰਪਿਊਟਰ, ਲੈਪਟਾਪ ਸਮਾਰਟ ਟੀਵੀ, ਆਈਪੈਡ, ਸਮਾਰਟਫੋਨ, ਟੈਬ, ਸਮਾਰਟ ਵਾਚ ਅਤੇ ਹੋਰ ਬਹੁਤ ਸਾਰੇ ਆਕਰਸ਼ਕ ਇਨਾਮ ਦਿੱਤੇ ਜਾਣਗੇ। ਇਸ ਮੌਕੇ ਭਾਈ ਧਰਮ ਸਿੰਘ, ਬਾਬਾ ਸਰਦੂਲ ਸਿੰਘ ਸ਼ੇਰਾਂਵਾਲਾ, ਸਿਮਰਨਜੀਤ ਸਿੰਘ ਮਦਾਨ, ਪਰਵਿੰਦਰ ਸਿੰਘ, ਅਮਨਪ੍ਰੀਤ ਸਿੰਘ ਸੁਖਵਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ, ਪ੍ਰਿਤਪਾਲ ਸਿੰਘ , ਸਤਨਾਮ ਸਿੰਘ ਹੈਡ ਗ੍ਰੰਥੀ ਪਰਮਜੀਤ ਸਿੰਘ ਨਾਗੀ, ਹਰਮੀਤ ਸਿੰਘ ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ ਦਲੀਪ ਸਿੰਘ, ਹਾਜ਼ਰ ਸਨ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ Rni.PUNPUN/2022/85964
Owner, Publisher & Printer Raveena Rani Printed at Pushpak Printer, Chak Road Near Khalsa School, Sri Muktsar Sahib, Published from Khadia wali Gali, H. No. 1740, Sri Muktsar Sahib. Editor Raveena Rani.Rni.PUNPUN/2022/85964

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਕਿਸਾਨ ਸਿਖਲਾਈ ਕੈਂਪ ਲਗਾਇਆ

**ਲੁਧਿਆਣਾ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਲਈ ਮੁਫਤ ਬੱਸ ਸੇਵਾ ਸਵੇਰੇ 9 ਵਜੇ ਦਫਤਰ ਤੋਂ**



**ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਸਥਾਨਕ ਬਲਾਕ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਮੁੱਖ ਖੇਤੀਬਾੜੀ ਅਫ਼ਸਰ, ਲੁਧਿਆਣਾ ਡਾ. ਪ੍ਰਕਾਸ਼ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਪਿੰਡ ਟਾਂਡਾ ਕਾਲੀਆਂ ਵਿਖੇ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਦੇ ਆਈ ਸੀ ਕੰਪੋਨੈਟ ਅਧੀਨ ਕਿਸਾਨ ਸਿਖਲਾਈ ਕੈਂਪ ਲਗਾਇਆ। ਇਸ ਕੈਂਪ ਵਿੱਚ ਏ ਡੀ ਓ ਡਾ.ਗਗਨਦੀਪ ਸਿੰਘ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਅਤੇ ਮਸ਼ੀਨਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਮਿਆਰੀ ਬਾਸਮਤੀ ਪੈਦਾ ਕਰਨ ਵਾਸਤੇ ਸਰਕਾਰ ਵੱਲੋਂ ਬਾਸਮਤੀ ਤੇ ਬੈਨ ਕੀਤੀਆਂ ਜਹਿਰਾਂ ਸਬੰਧੀ ਕਿਸਾਨਾਂ ਨੂੰ ਜਾਣੂ ਕਰਵਾਇਆ। ਖੇਤੀਬਾੜੀ ਵਿਸਥਾਰ ਅਫਸਰ ਡਾ.ਤਰੁਣ ਗੁਪਤਾ ਨੇ ਕੈਂਪ ਵਿੱਚ ਕਿਸਾਨਾਂ ਨੂੰ ਪੀ. ਐਮ.ਕਿਸਾਨ ਸਨਮਾਨ ਨਿਧੀ ਸਕੀਮ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਕਿਸਾਨਾਂ ਨੂੰ ਮੋਟਰਾਂ ਤੇ ਲੱਗੇ ਹੋਏ ਬੂਟਿਆਂ ਦੀ ਸਾਂਭ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਕੈਂਪ ਦੌਰਾਨ ਅਵਤਾਰ ਸਿੰਘ ਏ ਟੀ ਐਮ ਨੇ ਜਿੱਥੇ ਆਤਮਾ ਸਕੀਮ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਉੱਥੇ ਆਉਣ ਵਾਲੀ ਅੱਜ 13 ਅਤੇ 14 ਸਤੰਬਰ 2024 ਨੂੰ ਪੀ. ਏ. ਯੂ. ਲੁਧਿਆਣਾ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਤੇ ਹੁੰਮ ਹੁੰਮਾ ਕੇ ਪੁਜਣ ਦੀ ਅਪੀਲ ਕਰਦਿਆ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਖੇਤੀਬਾੜੀ ਦਫਤਰ ਮਾਛੀਵਾੜਾ ਸਾਹਿਬ ਤੋਂ ਮੁਫ਼ਤ ਬੱਸ ਸਵੇਰੇ 9 ਵਜੇ ਚੱਲੇਗੀ। ਖੇਤੀਬਾੜੀ ਅਫਸਰ ਗਗਨਦੀਪ ਨੇ ਦੱਸਿਆ ਕਿ ਲੁਧਿਆਣੇ ਵਿਖੇ ਲੱਗਣ ਵਾਲੇ ਇਸ ਕਿਸਾਨ ਮੇਲੇ ਵਿੱਚ ਕਿਸਾਨਾਂ ਲਈ ਨਵੀ ਸਰਚ ਤਕਨੀਕ,ਮਸ਼ਨੀਰੀਆਂ,ਬੀਜਾਂ, ਬੂਟੇ ਦੇ ਨਾਲ ਨਾਲ ਪਸ਼ੂਆ ਸਬੰਧੀ ਵੀ ਐਗਜੀਵੀਸ਼ਨਾਂ ਲਗਾਈਆ ਜਾਣਗੀਆਂ ਤਾਂ ਕਿ ਨੌਜਵਾਨ ਕਿਸਾਨਾਂ ਨੂੰ ਮੇਲੇ ਦੌਰਾਨ ਨਵੀ ਜਾਣਕਾਰੀ ਪ੍ਰਾਪਤ ਹੋ ਸਕੇ ਤੇ ਕਿਸਾਨ ਵੱਧ ਤੋ ਵੱਧ ਜੁੜ ਸਕਣ। ਇਸ ਮੌਕੇ ਕੈਂਪ ਵਿੱਚ ਮਨਪ੍ਰੀਤ ਸਿੰਘ ਜੂਨੀਅਰ ਟੈਕਨੀਸ਼ੀਅਨ, ਕੁਲਵਿੰਦਰ ਸਿੰਘ, ਕਰਨੈਲ ਸਿੰਘ ਸਾਬਕਾ ਸਕੱਤਰ ਕੋਆ. ਸੁਸਾਇਟੀ, ਮਾਨਵ ਵਿਕਾਸ ਸੰਸਥਾ ਤੋਂ ਦਵਿੰਦਰ ਪਾਲ, ਮੀਨਾਕਸ਼ੀ ਸ਼ਰਮਾ, ਗੁਰਸਿਮਰਨਜੀਤ ਸਿੰਘ, ਕਿਸਾਨ ਰਜਿੰਦਰ ਸਿੰਘ, ਇਕਬਾਲ ਸਿੰਘ ਅਤੇ ਹੋਰ ਕਿਸਾਨ ਹਾਜ਼ਿਰ ਸਨ।

# ਡਰਾਈ ਫਰੂਟ ਲੁੱਟ ਦਾ ਮਾਮਲਾ ਸੁਲਝਾਉਣ 'ਤੇ ਵਪਾਰੀਆਂ ਨੇ ਵਿਧਾਇਕ ਡਾ: ਅਜੇ ਗੁਪਤਾ ਦਾ ਕੀਤਾ ਧੰਨਵਾਦ

**ਪੰਜਾਬ ਸਰਕਾਰ ਵਪਾਰੀਆਂ ਨਾਲ ਚੱਟਾਨ ਵਾਂਗ ਖੜ੍ਹੀ ਹੈ - ਵਿਧਾਇਕ ਗੁਪਤਾ**





**ਅੰਮ੍ਰਿਤਸਰ, 12 ਸਤੰਬਰ (ਸੋਨੂੰ ਨਰੂਲਾ)** ਪੁਲਿਸ ਨੇ ਪਿੰਡ ਇੱਬਨ ਕਲਾਂ ਦੇ ਕੋਲਡ ਸਟੋਰ ਵਿੱਚ ਡਰਾਈ ਫਰੂਟ ਲੁੱਟ ਦੀ ਘਟਨਾ ਨੂੰ ਇੱਕ ਹਫ਼ਤੇ ਵਿੱਚ ਸੁਲਝਾ ਲਿਆ ਹੈ। ਜਿਸ 'ਤੇ ਅੱਜ ਮਜੀਠ ਮੰਡੀ 'ਚ ਡਰਾਈ ਫਰੂਟ ਦੇ ਵਪਾਰੀਆਂ ਨੇ ਵਿਧਾਇਕ ਡਾ: ਅਜੇ ਗੁਪਤਾ, ਐੱਸਐੱਸਪੀ ਦਿਹਾਤੀ ਚਰਨਜੀਤ ਸਿੰਘ ਦਾ ਧੰਨਵਾਦ ਕੀਤਾ। ਅੱਜ ਵਿਧਾਇਕ ਡਾ: ਅਜੇ ਗੁਪਤਾ ਐਸਐਸਪੀ ਦਿਹਾਤੀ ਚਰਨਜੀਤ ਸਿੰਘ ਦੇ ਨਾਲ ਮਜੀਠ ਮੰਡੀ ਵਿੱਚ ਵਪਾਰੀਆਂ ਕੋਲ ਪੁੱਜੇ। ਇਸ ਮੌਕੇ ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਉਹ ਪੁਲਿਸ ਪ੍ਰਸ਼ਾਸਨ ਦੀ ਸ਼ਲਾਘਾ ਕਰਦੇ ਹਨ, ਜਿਨ੍ਹਾਂ ਨੇ ਇੰਨੇ ਘੱਟ ਸਮੇਂ 'ਚ ਲੁੱਟ ਦੀ ਇਸ ਵਾਰਦਾਤ ਨੂੰ ਸੁਲਝਾ ਕੇ ਸਾਰਾ ਸਮਾਨ ਬਰਾਮਦ ਕਰ ਲਿਆ। ਉਨ੍ਹਾਂ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਉਹ ਵਿਧਾਨ ਸਭਾ ਸੈਸ਼ਨ ਕਾਰਨ ਚੰਡੀਗੜ੍ਹ ਵਿੱਚ ਸਨ। ਘਟਨਾ ਤੋਂ ਬਾਅਦ ਉਨ੍ਹਾਂ ਨੂੰ ਮਜੀਠਾ ਮੰਡੀ ਐਸੋਸੀਏਸ਼ਨ ਦੇ ਪ੍ਰਧਾਨ ਅਨਿਲ ਮਹਿਰਾ ਦਾ ਫੋਨ ਆਇਆ ਸੀ। ਫ਼ੋਨ ਮਿਲਦੇ ਹੀ ਉਨ੍ਹਾਂ ਐਸਐਸਪੀ ਦਿਹਾਤੀ ਚਰਨਜੀਤ ਸਿੰਘ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਅਤੇ ਗੱਲਬਾਤ ਹੁੰਦੀ ਰਹੀ। ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵੀ ਗੱਲਬਾਤ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਡੀਜੀਪੀ ਗੌਰਵ ਯਾਦਵ ਇਸ ਘਟਨਾ ਨੂੰ ਹੱਲ ਕਰਨ ਲਈ ਲਗਾਤਾਰ ਕੰਮ ਕਰ ਰਹੇ ਹਨ। ਵਿਧਾਇਕ ਡਾ: ਗੁਪਤਾ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਉਹ 6 ਸਤੰਬਰ ਨੂੰ ਮਜੀਠਾ ਮੰਡੀ ਦੇ ਵਪਾਰੀਆਂ ਨੂੰ ਭਰੋਸਾ ਦੇਣ ਆਏ ਸਨ ਉਸ ਸਮੇਂ ਕਾਰੋਬਾਰੀਆਂ ਦੇ ਚਿਹਰਿਆਂ 'ਤੇ ਰੌਣਕ ਨਹੀਂ ਸੀ ਅਤੇ ਉਨ੍ਹਾਂ ਦੇ ਚਿਹਰੇ ਪ੍ਰੇਸ਼ਾਨੀ ਨਾਲ ਭਰੇ ਹੋਏ ਸਨ। ਉਨ੍ਹਾਂ ਕਿਹਾ ਕਿ ਉਸ ਸਮੇਂ ਵੀ ਵਪਾਰੀਆਂ ਨੂੰ ਕਿਹਾ ਗਿਆ ਸੀ ਕਿ ਪੁਲਿਸ ਇਸ ਘਟਨਾ ਨੂੰ ਜਲਦੀ ਹੱਲ ਕਰੇਗੀ। ਉਨ੍ਹਾਂ ਕਿਹਾ ਕਿ ਅੱਜ ਵਪਾਰੀਆਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ ਦਿਖਾਈ ਦੇ ਰਹੀ ਹੈ। ਵਿਧਾਇਕ ਡਾ: ਗੁਪਤਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਪਾਰੀਆਂ ਨਾਲ ਚਟਾਨ ਵਾਂਗ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਪਾਰੀਆਂ ਦੀ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਮੌਕੇ 'ਤੇ ਹੀ ਐਸਐਸਪੀ ਚਰਨਜੀਤ ਸਿੰਘ ਨੂੰ ਕਿਹਾ ਕਿ ਬਰਾਮਦ ਕੀਤੇ ਡਰਾਈ ਫਰੂਟ ਨੂੰ ਜਲਦੀ ਤੋਂ ਜਲਦੀ ਸਰਲ ਕਾਨੂੰਨੀ ਪ੍ਰਕਿਰਿਆ ਅਪਣਾ ਕੇ ਵਪਾਰੀਆਂ ਨੂੰ ਵਾਪਸ ਕੀਤੇ ਜਾਣ। ਉਨ੍ਹਾਂ ਕਿਹਾ ਕਿ ਮਜੀਠ ਮੰਡੀ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਪੀ.ਸੀ.ਆਰ ਅਤੇ ਪੁਲਿਸ ਦੀ ਗਸ਼ਤ ਵਧਾ ਦਿੱਤੀ ਗਈ ਹੈ। ਇਸ ਮੌਕੇ ਮਜੀਠ ਮੰਡੀ ਡਰਾਈ ਫਰੂਟ ਆਰਗੇਨਾਈਜੇਸ਼ਨ ਦੇ ਅਹੁਦੇਦਾਰਾਂ ਨੇ ਵਿਧਾਇਕ ਡਾ: ਅਜੇ ਗੁਪਤਾ ਅਤੇ ਐਸਐਸਪੀ ਚਰਨਜੀਤ ਸਿੰਘ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।

# ਖਾਲਸਾ ਕਾਲਜ ਵੱਲੋਂ ਕੱਢਿਆ ਗਿਆ ਗੁਰਮਤਿ ਚੇਤਨਾ ਮਾਰਚ

**ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਕੀਤਾ ਗਿਆ ਸਮਰਪਿਤ**






**ਸ੍ਰੀ ਅਨੰਦਪੁਰ ਸਾਹਿਬ 12 ਸਤੰਬਰ (ਸੈਣੀ ਨਿੱਕੂਵਾਲ/ ਰਾਣਾ ਹਰੀਵਾਲ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੀ ਸਥਾਨਕ ਵਿੱਦਿਅਕ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਅਥਾਹ ਸ਼ਰਧਾ ਭਾਵਨਾ ਨਾਲ ਗੁਰਮਤਿ ਚੇਤਨਾ ਮਾਰਚ ਕੱਢਿਆ ਗਿਆ। ਇਸ ਉਪਰੰਤ ਕਾਲਜ ਦੇ ਸਟਾਫ ਤੇ ਵਿਦਿਆਰਥੀਆਂ ਵੱਲੋਂ ਗੁਰਮਤਿ ਚੇਤਨਾ ਮਾਰਚ ਕਾਲਜ ਤੋਂ ਲੈ ਕੇ ਤਖਤ ਸ੍ਰੀ ਕੇਸਗੜ ਸਾਹਿਬ ਵਿਖੇ ਸੰਪੂਰਨ ਕੀਤਾ ਗਿਆ।ਇਸ ਸਮਾਗਮ ਵਿੱਚ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਨੁਮਾਇੰਦਿਆਂ ਦੁਆਰਾ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਕਾਲਜ ਵਿੱਚ ਸਥਿਤ ਇਤਿਹਾਸਿਕ ਗੁਰਦੁਆਰਾ ਪ੍ਰਦੇਸ਼ੀ ਬਾਗ਼ ਵਿਖੇ ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਦੇ ਪਾਠ ਕੀਤੇ ਗਏ। ਇਸ ਦੌਰਾਨ ਖਾਲਸਾ ਕਾਲਜ ਦੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਰਮਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕਰਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨਾਂ ਦੇ ਦਿਹਾੜੇ ਮਨਾਉਣ ਦੇ ਮਨੋਰਥ ਨਾਲ ਨੌਜਵਾਨ ਪੀੜੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਿਆ ਜਾ ਸਕਦਾ ਹੈ। ਉਹਨਾਂ ਨੇ ਕਿਹਾ ਕਿ ਗੁਰੂ ਸਾਹਿਬਾਨਾਂ ਦੁਆਰਾ ਪਾਏ ਗਏ ਪੂਰਨਿਆਂ 'ਤੇ ਚੱਲਣ ਦੀ ਅੱਜ ਹੋਰ ਵੀ ਵਧੇਰੇ ਲੋੜ ਹੈ, ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰਮਤਿ ਚੇਤਨਾ ਮਾਰਚ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਉਤਸ਼ਾਹਿਤ ਕੀਤਾ। ਇਸ ਤੋਂ ਬਾਅਦ ਪ੍ਰਿੰਸੀਪਲ ਸਾਹਿਬ ਦੀ ਅਗਵਾਈ ਹੇਠ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਗੁਰਬਾਣੀ ਦਾ ਉਚਾਰਨ ਕਰਦਿਆਂ ਗੁਰਮਤਿ ਚੇਤਨਾ ਮਾਰਚ ਦਾ ਪ੍ਰਾਰੰਭ ਕੀਤਾ। ਇਸ ਮੌਕੇ ਕਾਲਜ ਦੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਜਗਪਿੰਦਰ ਪਾਲ ਸਿੰਘ ਨੇ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਦਿਵਸ 450 ਸਾਲਾ ਸ਼ਤਾਬਦੀ ਦੇ ਇਤਿਹਾਸ ਤੋਂ ਬਾਰੀਕੀ ਨਾਲ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਜਾਗਰੂਕਤਾ ਕੈਂਪ 'ਚ ਕਿਸਾਨਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ



**ਪਾਤੜਾਂ, 12 ਸਤੰਬਰ (ਜਸਵਿੰਦਰ ਸਿੰਘ ਪਾਰਸ)** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੇ ਧੂਏਂ ਪ੍ਰਦੂਸ਼ਣ 'ਤੇ ਸਖਤ ਰਵੱਈਏ ਨੂੰ ਦੇਖਦੇ ਹੋਏ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਬੋਰਡ ਦੇ ਅਧਿਕਾਰੀ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਧੂਏਂ ਪ੍ਰਦੂਸ਼ਣ ਦੀ ਰੋਕਥਾਮ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਕਿਸਾਨਾਂ ਨੂੰ ਸਨਮਾਨਿਤ ਕਰਕੇ ਹੋਰਨਾਂ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ਼ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕਸਬਾ ਸ਼ੁਤਰਾਣਾ ਵਿਖੇ ਲਾਏ ਜਾਗਰੂਕਤਾ ਕੈਂਪ ਵਿੱਚ ਪਹੁੰਚੇ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਡਾ. ਸਤੀਸ਼ ਕੁਮਾਰ ਚੌਧਰੀ, ਡਾ. ਰਵਿੰਦਰਪਾਲ ਸਿੰਘ ਚੱਠਾ ਤੇ ਪ੍ਰਦੂਸ਼ਣ ਬੋਰਡ ਦੇ ਐਕਸ਼ੀਅਨ ਇੰਜ਼. ਗੁਰਤਰਨ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾ ਕੇ ਉਸ ਦੇ ਸਹੀ ਪ੍ਰਬੰਧਨ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਪਰਾਲੀ ਸਾਂਭ ਸੰਭਾਲ ਲਈ ਵੱਡੇ ਪੱਧਰ 'ਤੇ ਵੱਖ-ਵੱਖ ਤਰ੍ਹਾਂ ਦੀ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਦੌਰਾਨ ਅਧਿਕਾਰੀਆਂ ਵੱਲੋਂ ਕਿਸਾਨਾਂ ਤੋਂ ਪਰਾਲੀ ਪ੍ਰਬੰਧਨ ਸਬੰਧੀ ਸੁਝਾਅ ਲਏ ਗਏ। ਇਸ ਦੌਰਾਨ ਕਿਸਾਨ ਰਾਜ ਸਿੰਘ ਝੱਬਰ, ਅਮਰੀਕ ਸਿੰਘ, ਨਿਰਮਲ ਸਿੰਘ, ਕਰਨਦੀਪ ਸਿੰਘ ਤੇ ਸਰਬਜੀਤ ਸਿੰਘ ਨੂੰ ਪ੍ਰਸੰਸਾ ਪੱਤਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕਰਦਿਆਂ ਜਿਲ੍ਹਾ ਮੁੱਖ ਖੇਤੀਬਾੜੀ ਅਫਸਰ ਨੇ ਹੋਰਨਾ ਕਿਸਾਨਾਂ ਨੂੰ ਵੀ ਇਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ ਹੈ। ਇਸ ਮੌਕੇ ਐਸ.ਡੀ.ਓ. ਮੋਹਿਤ ਸਿੰਗਲਾ, ਡਾ. ਪ੍ਰਭਦੀਪ ਸਿੰਘ, ਡਾ. ਜਤਿੰਦਰ ਸਿੰਘ, ਡਾ. ਹਰਮਨਦੀਪ ਸਿੰਘ, ਜਥੇ. ਬਲਦੇਵ ਸਿੰਘ ਚੀਮਾ ਹਾਜਰ ਸਨ।

# ਐਨ ਸੀ ਸੀ ਅਕੈਡਮੀ 'ਚ ਸਾਂਝ ਕੇਂਦਰ ਵੱਲੋਂ ਸੈਮੀਨਾਰ ਆਯੋਜਿਤ



**ਮਲੋਟ, 12 ਸਤੰਬਰ (ਹਰਦੀਪ ਸਿੰਘ ਖਾਲਸਾ)** ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ ਕੈਡ ਪੰਜਾਬ, ਮਾਨਯੋਗ ਸੀਨੀਅਰ ਕਪਤਾਨ ਪੁਲਿਸ ਸ਼੍ਰੀ ਮੁਕਤਸਰ ਸਾਹਿਬ ਤੁਸ਼ਾਰ ਗੁਪਤਾ ਅਤੇ ਕਪਤਾਨ ਪੁਲਿਸ (ਸਥਾਨਕ) ਕਮ ਜਿਲ੍ਹਾ ਕਮਿਊਨਟੀ ਪੁਲਿਸ ਅਫਸਰ ਕੰਵਲਪ੍ਰੀਤ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਾਝ ਕੇਦਰ ਸਬ ਡਵੀਜਨ ਮਲੋਟ ਵੱਲੋ ਵਿਦਿਆਰਥੀਆ ਨੂੰ ਜਾਗਰੂਕ ਕਰਨ ਲਈ 6 ਪੰਜਾਬ (ਗਰਲਜ) ਬਟਾਲੀਅਨ ਮਲੋਟ ਵਿਖੇ ਸੈਮੀਨਾਰ ਕਰਵਾਇਆ ਗਿਆ, ਇਸ ਸੈਮੀਨਾਰ ਵਿੱਚ ਏ ਐਸ ਆਈ ਅਮਨਪ੍ਰੀਤ ਸਿੰਘ ਅਤੇ ਸੀਨੀ ਸਿਪਾਹੀ ਸੁਖਪਾਲ ਸਿੰਘ ਵੱਲੋ ਵਿਦਿਆਰਥੀਆਂ ਨੂੰ ਸਾਂਝ ਸੇਵਾਵਾ, ਨਸ਼ੇ ਦੇ ਮਾੜੇ ਪ੍ਰਭਾਵਾ ਬਾਰੇ, ਪੁਲਿਸ ਹੈਲਪਲਾਈਨ 112,181 ਬਾਰੇ, ਸਾਈਬਰ ਕਰਾਈਮ ਅਤੇ ਨਵੇਂ ਮੋਟਰ ਵਹੀਕਲ ਐਕਟ 2019 ਦੀ ਧਾਰਾ 1991 ਅਤੇ ਧਾਰਾ 199 2 ਵਿੱਚ ਸੋਧ ਕੀਤੀ ਗਈ ਹੈ ਜਿੰਨਾ ਬੱਚਿਆਂ ਦੀ ਉਮਰ 18 ਸਾਲ ਤੋਂ ਘੱਟ ਹੈ ਉਹ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਨਹੀਂ ਚਲਾਉਣਗੇ ਚੈਕਿੰਗ ਦੌਰਾਨ ਫੜੇ ਜਾਣ ਤੇ 3 ਸਾਲ ਦੀ ਕੈਦ ਅਤੇ 25000 ਰੁਪਏ ਜੁਰਮਾਨਾ ਹੋ ਸਕਦਾ ਹੈ ਅਗਰ ਕੋਈ ਬੱਚਾ ਵਹੀਕਲ ਮੰਗ ਕੇ ਚਲਾਉਂਦਾ ਹੈ ਤਾਂ ਇਹ ਕਾਰਵਾਈ ਵਾਹਨ ਦੇ ਮਾਲਿਕ ਤੇ ਵੀ ਲਾਗੂ ਹੋਵੇਗੀ ਇਸ ਤੋਂ ਇਲਾਵਾ ਨਸ਼ਾ ਵੇਚਣ ਵਾਲੇ ਦੀ ਸੂਚਨਾ ਪੁਲਿਸ ਹੈਲਪਲਾਈਨ 8054942100 ਪਰ ਦੇਣ ਬਾਰੇ ਵੀ ਜਾਗਰੂਕ ਕੀਤਾ ਗਿਆ ਸੂਚਨਾ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ । ਇਸ ਮੌਕੇ ਕਰਨਲ ਰਣਬੀਰ ਸਿੰਘ ਸੈਨਾ ਮੈਡਲ, ਸੂਬੇਦਾਰ ਮੇਜਰ ਯੁਗੇਸ਼ ਯਾਦਵ ਅਤੇ ਸਮੂਹ ਸਟਾਫ ਅਕੈਡਮੀ ਵਿਸ਼ੇਸ਼ ਤੌਰ ਤੇ ਹਾਜਰ ਸਨ।

# ਟਰੱਕ ਯੂਨੀਅਨ ਵੱਲੋਂ ਰਿਆਸਤ ਨਾਭਾ ਦੇ ਵੰਸ਼ਜ ਸ਼ਾਹੀ ਪਰਿਵਾਰ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ

**ਨਾਭਾ ਦਿਵਸ ਤੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਸ਼ਾਹੀ ਪਰਿਵਾਰ ਨੇ ਸਫਾਈ ਮੁਹਿੰਮ ਵਿੱਚ ਅਹਿਮ ਰੋਲ ਅਦਾ ਕੀਤਾ - ਸੁਖਦੇਵ ਸਿੰਘ ਸੰਧੂ**



**ਨਾਭਾ 12 ਸਤੰਬਰ (ਤਰੁਣ ਮਹਿਤਾਂ)** ਬੀਤੀ ਦਿਨੀ ਨਾਭਾ ਦਿਵਸ ਮੌਕੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਸ਼ਾਹੀ ਪਰਿਵਾਰ ਨੇ ਸਫਾਈ ਮੁਹਿੰਮ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਟਰੱਕ ਯੂਨੀਅਨ ਨਾਭਾ ਪ੍ਰਧਾਨ ਸੁਖਦੇਵ ਸਿੰਘ ਸੰਧੂ ਵੱਲੋ ਸ਼ਾਹੀ ਪਰਿਵਾਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕਰਨ ਉਪਰੰਤ ਪ੍ਰਗਟਾਏ। ਉਹਨਾਂ ਕਿਹਾ ਕਿ ਦੁਨੀਆਂ ਵਿੱਚ ਧਾਰਮਿਕ ਰਿਆਸਤ ਦੇ ਨਾਮ ਤੇ ਜਾਣੀ ਜਾਣ ਵਾਲੀ ਨਾਭਾ ਰਿਆਸਤ ਵਿਖੇ ਮਹਾਰਾਜਾ ਹੀਰਾ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਵੰਸ਼ਜ਼ ਸਾਹੀ ਪਰਿਵਾਰ ਵੱਲੋਂ ਬੀਤੀ ਦਿਨੀ ਨਾਭਾ ਦਿਵਸ ਮੌਕੇ ਨਾਭੇ ਹਲਕੇ ਦੀਆਂ ਸਮੁੱਚੀਆਂ ਧਾਰਮਿਕ ਰਾਜਨੀਤਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਨਾਭਾ ਨੂੰ ਸਾਫ ਸੁਥਰਾ ਬਣਾਉਣ ਦੀ ਮੁਹਿੰਮ ਵਿੱਢੀ ਗਈ ਹੈ। ਜੋ ਇੱਕ ਬਹੁਤ ਵਧੀਆ ਉਪਰਾਲਾ ਹੈ। ਸਨਮਾਨਿਤ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਣੀ ਪ੍ਰੀਤੀ ਸਿੰਘ ਨੇ ਦੱਸਿਆ ਕਿ ਮੇਰਾ ਪੇਕਾ ਪਰਿਵਾਰ ਇੰਦੌਰ ਤੋਂ ਹੈ ਜੋ ਕਿ ਦੁਨੀਆਂ ਦੇ ਸਾਫ ਸੁਥਰੇ ਸ਼ਹਿਰਾਂ ਦੇ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਮੇਰੇ ਮਨ ਵਿੱਚ ਕਾਫੀ ਸਮੇਂ ਤੋਂ ਇਹ ਭਾਵਨਾ ਬਣੀ ਹੋਈ ਸੀ ਕਿ ਨਾਭਾ ਸ਼ਹਿਰ ਜੋ ਕਿ ਸਾਡੇ ਪੁਰਖਿਆਂ ਦੁਆਰਾ ਵਸਾਈ ਹੋਈ ਪਵਿੱਤਰ ਨਗਰੀ ਹੈ ਇਸ ਨੂੰ ਸਫਾਈ ਅਤੇ ਸੁੰਦਰਤਾ ਦੇ ਮਾਮਲੇ ਵਿੱਚ ਦੁਨੀਆਂ ਦੇ ਨਕਸ਼ੇ ਤੇ ਲਿਆਂਦਾ ਜਾਵੇਗਾ, ਉਹਨਾਂ ਨੂੰ ਕਿਹਾ ਕਿ ਸਾਡੇ ਮਨ ਦੀ ਭਾਵਨਾ ਹੈ ਕਿ ਆਉਣ ਵਾਲੇ ਸਾਲ 2025 ਦੇ ਨਾਭਾ ਦਿਵਸ ਤੱਕ ਸਮੁੱਚੇ ਨਾਭੇ ਦੀ ਨੁਹਾਰ ਬਦਲਣ ਦੀ ਇੱਛਾ ਲੈ ਕੇ ਚੱਲੇ ਹਾਂ ਪਰੰਤੂ ਇਹ ਤਾਂ ਹੀ ਸੰਭਵ ਹੋਇਆ ਜੇਕਰ ਭਾਵੇਂ ਉਹ ਸਰਕਾਰ ਜਾਂ ਜਨਤਾ ਜਾਂ ਸਾਡਾ ਸਾਹੀ ਪਰਿਵਾਰ ਹੋਵੇ, ਸਾਰੇ ਹੀ ਰਲ ਕੇ ਦਿਲੋ ਹੰਭਲਾ ਮਾਰਾਂਗੇ ਤਾਂ ਆਪਾਂ ਆਪਣੇ ਮਿਸ਼ਨ ਵਿੱਚ ਬਹੁਤ ਜਲਦੀ ਕਾਮਯਾਬ ਹੋਵਾਂਗੇ। ਇਸ ਮੌਕੇ ਮਹਾਰਾਣੀ ਓਮਾ ਸਿੰਘ, ਕੁੰਵਰ ਅਵੀ ਉਦੈ ਪ੍ਰਤਾਪ ਸਿੰਘ, ਓ.ਐਸ.ਡੀ ਰਕੇਸ਼ ਜੈਨ, ਨਿੱਜੀ ਸਕੱਤਰ ਸਨਮੀਤ ਸਿੰਘ ਮੀਤ, ਪਰਸਨਲ ਅਸਿਸਟੈਂਟ ਮੀਤ ਗੁਰਦੇਵ, ਅਵਤਾਰ ਸਿੰਘ ਸ਼ੇਰ ਗਿੱਲ ਧਾਲੀਵਾਲ ਆਦਿ ਤੋ ਇਲਾਵਾ ਮੋਹਨ ਸਿੰਘ ਸਾਬਕਾ ਪ੍ਰਧਾਨ, ਸਾਹਿਬ ਸਿੰਘ ਬਿੱਟੂ, ਜਤਿੰਦਰ ਸਿੰਘ ਸੇਖੋ, ਸੰਦੀਪ ਸਿੰਘ ਕਲਰਕ, ਸੁਖਵਿੰਦਰ ਸਿੰਘ ਤੁੰਗਾਂ, ਜਸਪਾਲ ਸਿੰਘ, ਬੇਅੰਤ ਸਿੰਘ, ਬਲਜਿੰਦਰ ਸਿੰਘ, ਨੇਤਰ ਸਿੰਘ, ਜੋਗਾ ਸਿੰਘ, ਗੁਰਦਰਸ਼ਨ ਸਿੰਘ, ਚਰਨਜੀਤ ਸਿੰਘ, ਤਾਰੂ ਸਿੰਘ, ਪ੍ਰਿੰਸ, ਸੱਤਾ ਰੋਹਟੀ, ਮਨਮੋਹਨ ਸਿੰਘ ਅਮਰਜੀਤ ਸਿੰਘ ਨਵਜੋਤ ਸਿੰਘ, ਨਵਜੋਤ ਹਸਨਪੁਰ, ਬਲਵੀਰ ਸਿੰਘ, ਵਿੱਕੀ ਆਦਿ ਟਰੱਕ ਅਪਰੇਟਰ ਹਾਜ਼ਰ ਸਨ।

## ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਖਾਦ ਦਾ ਮੰਦਾ ਹਾਲ -:ਪ੍ਰਧਾਨ ਬੀਰਇੰਦਰ ਸਿੰਘ

**ਸਰਕਾਰ ਵਲੋਂ ਵਾਰ ਵਾਰ ਖਾਦ ਦਾ ਪ੍ਰਾਈਵੇਟ ਕੋਟਾ ਘਟਾਉਣ ਨਾਲ ਹੁੰਦੀ ਹੈ ਖਾਦ ਦੀ ਸਪਲਾਈ ਪ੍ਰਭਾਵਿਤ ਸੂਬੇ ਦੇ ਕਿਸਾਨਾਂ ਨੂੰ ਬਿਜਾਈ ਵੇਲੇ ਆ ਸਕਦੀ ਹੈ ਵੱਡੀ ਸਮੱਸਿਆ**

**ਨਾਭਾ 12 ਸਤੰਬਰ (ਤਰੁਣ ਮਹਿਤਾਂ)** ਪੰਜਾਬ ਦੇ ਵਿੱਚ ਤਕਰੀਬਨ ਆਉਣ ਵਾਲੇ ਇੱਕ ਦੋ ਦਿਨਾਂ ਵਿੱਚ ਮਟਰ ਸਬਜ਼ੀਆਂ ਆਲੂ ਤੇ ਉਸ ਤੋਂ ਬਾਅਦ ਪਕਾਵਾਂ ਆਲੂ ਸਰੋਂ ਕਣਕ ਆਦਿ ਬਿਜਾਈ ਹੋਣ ਨੂੰ ਬਿਲਕੁਲ ਤਿਆਰ ਬਰ ਤਿਆਰ ਹੈ ਪਰ ਅੱਜ ਤੱਕ ਜੋ ਫਾਸਫੇਟ



ਖਾਦ ਪੰਜਾਬ ਚ ਆਈ ਹੈ । ਉਸ ਤੋਂ ਸਭ ਭਲੀ ਭਾਂਤੀ ਜਾਣੂ ਹਨ। ਕਿ ਪਿਛਲੇ ਸਾਲ ਨਾਲੋਂ ਡੀਏਪੀ ਖਾਦ ਬਿਲਕੁਲ ਹੀ ਘੱਟ ਹੈ ਹਾਂ ,ਕੁਝ ਫਾਸਫੇਟ ਖਾਦਾਂ ਜਿਵੇਂ 20 20 0 13, 16 16 16 ,ਟੀਐਸਪੀ , ਇਹ ਖਾਦਾ ਕੁਝ ਪੰਜਾਬ ਦੇ ਵਿੱਚ ਕੰਪਨੀਆਂ ਲਿਆ ਰਹੀਆਂ ਹਨ । ਪਹਿਲੀ ਬੇਨਤੀ ਤਾਂ ਮੇਰੀ ਕਿਸਾਨ ਭਰਾਵਾਂ ਨੂੰ ਹੈ ਕਿ ਜੋ ਹੁਣ ਯੂਨੀਵਰਸਿਟੀ ਖੇਤੀਬਾੜੀ ਵਿਭਾਗ ਜਾਂ ਕੇਵੀਕੇ ਦੇ ਮੇਲੇ ਲਗਣੇ ਹਨ। ਉਥੇ ਜਿਹੜੇ ਵੀ ਖੇਤੀ ਵਿਭਾਗ ਜਾਂ ਪੀਏਯੂ ਦੇ ਸਾਇੰਟਿਸਟ ਆਣ ਉਹਨਾਂ ਨਾਲ ਸਲਾਹ ਕਰਕੇ ਜਿਹੜੀ ਬਿਜਾਈ ਲਈ ਖਾਦ ਹੈ ਅਵੇਲੇਬਲ ਹੈ ਉਹ ਹਿਸਾਬ ਨਾਲ ਉਹ ਉਥੋਂ ਦਿਸ਼ਾ ਨਿਰਦੇਸ਼ ਲੈ ਕੇ ਕਿ ਡੀਏਪੀ ਦੀ ਥਾਂ ਦੂਜੀ ਕਿਹੜੀ ਥਾਂ ਕਿੰਨੀ ਕਿਹੜੀ ਫਸਲ ਚ ਵਰਤ ਸਕਦੇ ਹਨ ਇਹਦੀ ਜਾਣਕਾਰੀ ਜਰੂਰ ਲੈ ਲੈਣ। ਇਸ ਤੋਂ ਇਲਾਵਾ ਮੈਂ ਖੇਤੀਬਾੜੀ ਵਿਭਾਗ ਕੇਵੀਕੇ ਤੇ ਪੀਏਯੂ ਨੂੰ ਅਪੀਲ ਕਰਾਂਗਾ ਕਿ ਉਥੋਂ ਦੇ ਡਾਕਟਰ ਜਿਮੀਦਾਰਾਂ ਨੂੰ ਜਰੂਰ ਸਲਾਹ ਦੇਣ ਅਗਰ ਡੀਏਪੀ ਖਾਦ ਨਹੀਂ ਮਿਲਦੀ ਤਾਂ ਉਹਦੀ ਜਗ੍ਹਾ ਕਿਹੜੀ ਖਾਦ ਵਰਤ ਲਈ ਜਾਏ । ਇੱਕ ਬੇਨਤੀ ਹੋਰ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਤੋਂ ਜਿਹੜੀ ਪੰਜਾਬ ਦੇ ਵਿੱਚ ਖਾਦ ਦੀ ਪੋਲਸੀ ਵਿੱਚ ਬਾਰ-ਬਾਰ ਬਦਲਾਵ ਕਰਕੇ ਪ੍ਰਾਈਵੇਟ ਕੋਟੇ ਨੂੰ ਘਟਾਇਆ ਜਾ ਰਿਹਾ ਹੈ ਉਹਦੇ ਨਾਲ ਪੰਜਾਬ ਦੀ ਖਾਦ ਦੀ ਸਪਲਾਈ ਪ੍ਰਭਾਵਿਤ ਹੁੰਦੀ ਹੈ ।ਇੱਕ ਪਾਸੇ 11 ਹਜਾਰ ਤੋਂ ਵੱਧ ਡੀਲਰ ਕਿਸਾਨੀ ਦੀ ਸੇਵਾ ਚ 24 ਘੰਟੇ ਹਾਜ਼ਰ ਹੁੰਦਾ ਹੈ ਦੂਜੇ ਪਾਸੇ 3500 ਸੋਸਾਇਟੀਆਂ ਉਹ ਵੀ ਪੂਰੀਆਂ ਕੰਮ ਕਰ ਪਾ ਰਹੀਆਂ ਨੇ ਕਿ ਨਹੀਂ ਉਹਦੇ ਵਾਸਤੇ ਖਾਦ ਸਰਕਾਰ ਪ੍ਰੈਸ਼ਰ ਪਾ ਕੇ ਲੈਂਦੀ ਹੈ, ਜਿਸ ਨਾਲ ਕੰਪਨੀਆਂ ਪੰਜਾਬ ਚ ਖਾਦ ਲਿਆਉਣ ਤੋਂ ਕਤਰਾਂਦੀਆਂ ਹਨ। ਮੈਂ ਇੱਕ ਵਾਰੀ ਫਿਰ ਪੰਜਾਬ ਸਰਕਾਰ ਖੇਤੀਬਾੜੀ ਵਿਭਾਗ ਤੇ ਹੋਰ ਸੰਬੰਧਿਤ ਅਫਸਰਾਂ ਨੂੰ ਬੇਨਤੀ ਕਰਦਾ ਕਿ ਜਿਹੜੀ ਵੀ ਪੰਜਾਬ ਚ ਖਾਦ ਆ ਰਹੀ ਹੈ ,ਕਿਰਪਾ ਕਰਕੇ ਉਸ ਨੂੰ ਆਣ ਦਿੱਤਾ ਜਾਏ ਤਾਂ ਕਿਸੇ ਵੀ ਕੰਪਨੀ ਨੂੰ ਇਹ ਮਜਬੂਰ ਨਾ ਕੀਤਾ ਜਾਏ । ਕਿ ਉਹ ਇਨਾ ਕੋਟਾ ਇਹ ਸੰਸਥਾ ਨੂੰ ਜਾਂ ਇਨਾ ਕੋਟਾ ਘਟਾ ਕੇ ਬਾਜ਼ਾਰ ਨੂੰ ਦੇਵੇ ਇਸ ਨਾਲ ਆਣ ਵਾਲੀ ਸਪਲਾਈ ਚ ਵਿਘਨ ਪਏਗਾ ।ਜਿਹਦਾ ਨੁਕਸਾਨ ਪੰਜਾਬ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਅਤੇ ਜਿਮੀਦਾਰ ਨੂੰ ਖਾਦ ਦੀ ਪੂਰਤੀ ਨਾ ਹੋਣ ਵਿੱਚ ਹੋਏਗਾ ।ਆਸ ਰੱਖਦਾ ਹਾਂ ਕਿ ਸਰਕਾਰ ਜਰੂਰ ਇਸ ਤੇ ਵਿਚਾਰ ਕਰੇਗੀ ਤੇ ਪੰਜਾਬ ਦੀ ਕਿਰਸਾਨੀ ਦੇ ਹਿੱਤ ਵਿੱਚ ਫੈਸਲਾ ਲਵੇਗੀ।

# ਰਘਵੀਰ ਮਾਨ ਦੇ ਜਿਲ੍ਹੇ ਵਿੱਚ ਆਉਣ ਨਾਲ ਨੌਜਵਾਨਾਂ ਵਿੱਚ ਜੋਸ਼-ਸੁਰਿੰਦਰ ਗੋਗੀ

**ਭੀਖੀ, 12 ਸਤੰਬਰ (ਸੰਦੀਪ ਤਾਇਲ)** ਨੈਸ਼ਨਲ ਅਵਾਰਡੀ ਰਘਵੀਰ ਸਿੰਘ ਮਾਨ ਦੇ ਬਤੌਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮਾਨਸਾ ਵਿਖੇ ਆਉਣ ਤੇ ਮਾਨਸਾ ਜ਼ਿਲ੍ਹੇ ਦੀਆਂ ਸਮੂਹ ਕਲੱਬਾਂ, ਤੇ ਨੌਜਵਾਨਾ ਲਈ ਇਹ ਖੁਸ਼ੀ ਦੀ ਗੱਲ ਹੈ ਜਿਸ ਕਾਰਨ



ਨੌਜਵਾਨਾਂ ਵਿੱਚ ਭਾਰੀ ਜੋਸ਼ ਹੈ।ਵਰਨਣਯੋਗ ਹੈ ਕਿ ਰਘਵੀਰ ਸਿੰਘ ਮਾਨ ਨੇ ਪਿੰਡ ਤੁੰਗਵਾਲੀ ਵਿਖੇ ਕਲੱਬ ਦੇ ਪ੍ਰਧਾਨ ਦੇ ਤੌਰ ਤੇ ਸ਼ੁਰੂ ਸਮਾਜਿਕ ਸਫਰ ਕਰਕੇ ਇੱਕ ਅਧਿਆਪਕ ਬਣਨ ਤੋਂ ਬਾਦ ਅਤੇ ਫਿਰ ਮਿਹਨਤ ਨਾਲ ਸਹਾਇਕ ਡਾਇਰੈਕਟਰ ਬਣਨਾ ਤੇ ਜ਼ਿਲ੍ਹਾ ਮਾਨਸਾ ਵਿੱਚ ਰਘਵੀਰ ਮਾਨ ਜਿਹੇ ਅਫਸਰ ਦਾ ਦੁਬਾਰਾ ਆਉਣਾ ਕਲੱਬਾਂ ਲਈ ਖੁਸ਼ਖਬਰੀ ਦੀ ਗੱਲ ਹੈ।ਇਹ ਜਾਣਕਾਰੀ ਦਿੰਦਿਆਂ ਐਡਵੋਕੇਟ ਸੁਰਿੰਦਰ ਪਾਲ ਗੋਗੀ ਭੀਖੀ ਨੇ ਦੱਸਿਆ ਕਿ ਰਘਵੀਰ ਮਾਨ ਸਰਕਾਰ ਤੋਂ ਕਲੱਬਾਂ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰਵਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਰਘਵੀਰ ਸਿੰਘ ਮਾਨ ਦੇ ਆਉਣ ਨਾਲ ਨੌਜਵਾਨ ਵਰਗ ਵਿੱਚ ਖੁਸ਼ੀ ਦੀ ਭਾਰੀ ਲਹਿਰ ਹੈ। ਇਸ ਮੌਕੇ ਰਣਵੀਰ ਸਿੰਘ ਸੀਰਾ, ਬਹਾਦਰ ਸਿੰਘ ਚਾਹਲ, ਗੁਰਦੀਪ ਸਿੰਘ, ਬਲਕਾਰ ਸਿੰਘ, ਜਰਨੈਲ ਸਿੰਘ, ਸੁਰਿੰਦਰ ਸਿੰਘ ਟੀਟਾ, ਗੁਰਿੰਦਰ ਔਲਖ, ਗੁਲਜ਼ਾਰ ਬੰਬ, ਮਾ. ਸੁਖਪਾਲ ਸਿੰਘ, ਮਾ. ਜੁਗਰਾਜ ਸਿੰਘ ਅਤੇ ਬਲਵਿੰਦਰ ਸ਼ਰਮਾ ਆਦਿ ਹਾਜ਼ਰ ਸਨ।

# ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ

**ਭੀਖੀ, 12 ਸਤੰਬਰ (ਸੰਦੀਪ ਤਾਇਲ)** ਪੰਜਾਬ ਸਰਕਾਰ ਵੱਲੋਂ ਟਰੈਫਿਕ ਨਿਯਮਾਂ ਦਾ ਪਾਲਣ ਨਾ ਕਰਨ ਖਿਲਾਫ ਵਿੱਢੀ ਮੁਹਿੰਮ ਤਹਿਤ ਡੀਐਸਪੀ ਗੁਰਪ੍ਰੀਤ ਸਿੰਘ ਬੈਂਸ ਅਤੇ ਐਸਐਚਓ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਭੀਖੀ ਪੁਲਿਸ ਨੇ ਵਿਸੇਸ਼ ਨਾਕੇ ਲਾ ਕੇ ਅਧੂਰੇ ਕਗਾਜਾਤ ਅਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਾਲਾਨ ਕੱਟੇ। ਇਸ ਮੌਕੇ ਹੌਲਦਾਰ ਮਨਵੀਰ ਸਿੰਘ ਨੇ ਦੱਸਿਆ ਕਿ ਲੋਕ ਆਪਣੇ ਵਹੀਕਲ ਚਲਾਉਣ ਸਮੇਂ ਵਹੀਕਲਾਂ ਦੇ ਕਾਗਜਾਂ ਸਮੇਤ ਡਰਾਈਵਿੰਗ ਲਾਇਸੰਸ ਸਮੇਤ ਸਾਰੇ ਕਾਗਜ ਪੂਰੇ ਰੱਖਣ ਉਨ੍ਹਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਬਖਸਿਆ ਨਹੀਂ ਜਾਵੇਗਾ। ਉਨ੍ਹਾਂ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਦੋ ਪਹੀਆ ਵਾਹਨ ਚਲਾਉਣ ਦੇਣ ਤੋਂ ਗੁਰੇਜ ਕਰਨ ਨਹੀਂ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਰਣਬੀਰ ਸਿੰਘ ਆਦਿ ਵੀ ਹਾਜਰ ਸਨ।



# ਸਮੇਂ ਦੇ ਨਾਲ ਸਭ ਕੁਝ ਬਦਲ ਜਾਂਦਾ ਹੈ, ਜੋ ਅੱਜ ਨਵਾਂ ਹੈ ਕੱਲ੍ਹ ਪੁਰਾਣਾ ਹੋ ਜਾਂਦਾ ਹੈ

**ਇਹ ਪੁਰਾਣੀਆਂ ਚੀਜ਼ਾਂ ਦਾ ਵੀ ਮੁੱਲ ਹੁੰਦਾ ਹੈ, ਯਾਦਾਂ ਨਾਲ ਇਹ ਅਨਮੋਲ ਹੋ ਜਾਂਦੀਆਂ ਹਨ**
**ਆਧਾਰਸ਼ਿਲਾ ਸਕੂਲ ਵਿੱਚ ਲਗਾਈ ਜਾਵੇਗੀ ਵਿਲੱਖਣ ਪ੍ਰਦਰਸ਼ਨੀ: ਜਾਣੋ ਬੀਤੇ ਸਮੇਂ ਦੀਆਂ ਗੱਲਾਂ**
**ਪੁਰਾਣੀਆਂ ਵਸਤੂਆਂ ਦੀ ਪ੍ਰਦਰਸ਼ਨੀ ਵਿੱਚ ਝਲਕੇਗਾ ਭਾਰਤ ਦਾ ਇਤਿਹਾਸ**
**ਬੱਚੇ ਦੇਖਣਗੇ ਪੁਰਾਣੀਆਂ ਚੀਜ਼ਾਂ, ਪਤਾ ਲੱਗੇਗੀ ਸਮੇਂ ਦੇ ਬਦਲਣ ਦੀ ਕਹਾਣੀ**
**ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਸੁਨਹਿਰੀ ਮੌਕਾ**

**ਪੱਟੀ ਸਦੀਕ, 12 ਸਤੰਬਰ (ਬਲਕਰਨ ਸਿੰਘ ਮਸ਼ਾਲ)**- ਬੱਚਿਆਂ ਨੂੰ ਪੁਰਾਣੇ ਸਮੇਂ ਦੀਆਂ ਵਸਤੂਆਂ ਨਾਲ ਜਾਣੂ ਕਰਵਾਉਣ ਲਈ 14 ਸਤੰਬਰ ਨੂੰ ਆਧਾਰਸ਼ਿਲਾ ਸਕੂਲ ਵਿਖੇ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ। ਇਸ ਪ੍ਰਦਰਸ਼ਨੀ ਵਿੱਚ



ਬੱਚੇ ਰੇਡੀਓ, ਕੈਮਰਾ, ਟੀ.ਵੀ., ਬੱਲਬ, ਵੀ.ਸੀ.ਆਰ., ਸਟੋਵ, ਬਰਨਰ, ਸਟੋਵ, ਫਰਨੀਚਰ, ਇੰਕਪਾਟ, ਸਲੇਟ, ਸਕੂਟਰ, ਸੀ.ਡੀ., ਕੈਸੇਟ, ਲਾਲਟੈਨ, ਸਟੀਰੀਓ, ਟਾਈਪਰਾਈਟਰ, ਕੋਟ, ਪੁਰਾਣਾ ਪੱਖਾ, ਪੁਰਾਣੀ ਘੜੀ, ਬਿੰਦੀ ਆਦਿ ਦੇਖ ਸਕਦੇ ਹਨ। ਫੋਨ, ਪੁਰਾਣੀ ਪ੍ਰੈਸ, ਤਾਂਬੇ ਦੇ ਭਾਂਡੇ, ਪੁਰਾਣੇ ਸਿੱਕੇ, ਸਕੇਲ, ਐਂਟੀਨਾ, ਸੈੱਲ, ਬੈਟਰੀ, ਪੁਰਾਣਾ ਬਟਨ ਮੋਬਾਈਲ, ਸਿਆਹੀ ਪੈੱਨ, ਗੁਲੇਲ, ਕਮਾਨ ਅਤੇ ਤੀਰ, ਗਿਲਟੀ ਡੰਡਾ, ਮਾਰਬਲ ਦੀ ਗੇਂਦ, ਸੀਟੀ, ਪੇਜ਼ਰ, ਵਾਇਰਲੈੱਸ, ਸਿਲਾਈ ਮਸ਼ੀਨ, ਪਾਣੀ ਦਾ ਘੜਾ, ਅਚਾਰ ਦੇ ਭਾਂਡੇ, ਲੱਸੀ ਬਣਾਉਣ ਦੇ ਭਾਂਡੇ ਆਦਿ ਨੂੰ ਦੇਖਣ ਅਤੇ ਵਰਤਣ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਪ੍ਰਦਰਸ਼ਨੀ ਦਾ ਉਦੇਸ਼ ਬੱਚਿਆਂ ਨੂੰ ਇਹ ਦਿਖਾਉਣਾ ਹੈ ਕਿ ਸਮੇਂ ਦੇ ਨਾਲ ਚੀਜ਼ਾਂ ਕਿਵੇਂ ਬਦਲਦੀਆਂ ਹਨ ਅਤੇ ਉਨ੍ਹਾਂ ਦੇ ਦਾਦਾ-ਦਾਦੀ ਜਾਂ ਮਾਤਾ-ਪਿਤਾ ਕਿਸ ਤਰ੍ਹਾਂ ਦੀਆਂ ਚੀਜ਼ਾਂ ਵਰਤਦੇ ਹਨ। ਇਹ ਪ੍ਰਦਰਸ਼ਨੀ ਮਨੋਰੰਜਕ ਹੀ ਨਹੀਂ ਸਗੋਂ ਜਾਣਕਾਰੀ ਭਰਪੂਰ ਵੀ ਹੋਵੇਗੀ। ਇਹ ਬੱਚਿਆਂ ਲਈ ਅਮਿੱਟ ਯਾਦ ਬਣ ਜਾਵੇਗਾ ਅਤੇ ਉਹ ਆਪਣੇ ਭਾਰਤ ਦੇ ਇਤਿਹਾਸ ਬਾਰੇ ਵੀ ਜਾਣ ਸਕਣਗੇ।

# ਕੀਰਤਪੁਰ ਸਾਹਿਬ ਦੇ ਸਰਵਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ- ਹਰਜੋਤ ਬੈਂਸ

**❋ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਗੁਰਦੁਆਰਾ ਸਾਹਿਬ ਸ੍ਰੀ ਚੰਦ ਜੀ ਵਿਖੇ ਧਾਰਮਿਕ ਸਮਾਗਮ ਵਿੱਚ ਭਰੀ ਹਾਜ਼ਰੀ ❋ ਪ੍ਰਕਾਸ਼ ਪੁਰਬ ਮੌਕੇ ਧਾਰਮਿਕ ਅਸਥਾਨ ਤੇ ਹੋਏ ਨਤਮਸਤਕ**



**ਕੀਰਤਪੁਰ ਸਾਹਿਬ 12 ਸਤੰਬਰ (ਰਾਣਾ ਹਰੀਵਾਲ/ ਸੈਣੀ ਨਿੱਕੂਵਾਲ)** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੀਰਤਪੁਰ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਸ੍ਰੀ ਚੰਦ ਜੀ ਵਿਖੇ ਮੱਥਾ ਟੇਕਿਆ ਅਤੇ ਮਾਨਵਤਾ ਦੇ ਕਲਿਆਣ ਦੇ ਸਮੁੱਚੀ ਲੋਕਾਈ ਦੀ ਭਲਾਈ ਲਈ ਅਰਦਾਸ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਦੀਆ ਪਹਿਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੋਕਾਈ ਨੂੰ ਜੋ ਸੁਨੇਹਾ ਦਿੱਤਾ ਸੀ, ਉਸ ਨਾਲ ਸਮੁੱਚੇ ਸੰਸਾਰ ਵਿੱਚ ਚਾਨਣ ਹੋਇਆ ਹੈ। ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਇਸ ਧਾਰਮਿਕ ਅਸਥਾਨ ਤੇ ਨਤਮਸਤਕ ਹੋ ਕੇ ਅਸੀ ਆਪਣੇ ਆਪ ਨੂੰ ਵੱਡੇ ਭਾਗਾ ਵਾਲੇ ਮਹਿਸੂਸ ਕਰ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਗੁਰੂ ਨਗਰੀ ਕੀਰਤਪੁਰ ਸਾਹਿਬ ਉਹ ਧਾਰਮਿਕ ਨਗਰੀ ਹੈ, ਜਿਸ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਬੈਂਸ ਨੇ ਕਿਹਾ ਕਿ ਕੀਰਤਪੁਰ ਸਾਹਿਬ ਵਿੱਚ ਅਗਲੇ ਕੁਝ ਸਮੇਂ ਵਿੱਚ ਕਈ ਵੱਡੇ ਧਾਰਮਿਕ ਸਮਾਗਮ ਹੋਣਗੇ, ਜ਼ਿਨ੍ਹਾਂ ਵਿਚ ਸੰਸਾਰ ਭਰ ਤੋਂ ਵੱਡੀ ਗਿਣਤੀ ਲੋਕ ਹਾਜ਼ਰੀ ਭਰਨਗੇ। ਉਨ੍ਹਾ ਨੇ ਕਿਹਾ ਕਿ ਗੁਰੂ ਨਗਰੀ ਦੇ ਸਰਵਪੱਖੀ ਵਿਕਾਸ ਦੀ ਵਿਆਪਕ ਯੋਜਨਾ ਉਲੀਕੀ ਜਾ ਰਹੀ ਹੈ, ਕਰੋੜਾਂ ਰੁਪਏ ਵਿਕਾਸ ਦੇ ਕੰਮਾਂ ਤੇ ਖਰਚ ਕੀਤੇ ਜਾ ਰਹੇ ਹਨ। ਗੁਰੂ ਸਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ ਜਿੱਥੇ ਸਾਹਿਬਜਾਦਿਆਂ ਦਾ ਜਨਮ ਅਸਥਾਨ ਹੋਵੇ, ਉਸ ਦੀ ਜਿੰਨੀ ਵੱਧ ਤਰੱਕੀ ਅਤੇ ਵਿਕਾਸ ਕਰਵਾਇਆ ਜਾਵੇ, ਉਹ ਸਾਡੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਪਤਾਲਪੁਰੀ ਚੌਂਕ, ਸਕੂਲ ਆਫ ਐਮੀਨੈਂਸ, ਸਰਕਾਰੀ ਸਿਹਤ ਕੇਂਦਰ, ਸੀਵਰੇਜ ਪਲਾਂਟ ਤੋ ਇਲਾਵਾ ਸੜਕਾਂ, ਗਲੀਆਂ, ਗੰਦੇ ਪਾਣੀ ਦੀ ਨਿਕਾਸੀ, ਸਟਰੀਟ ਲਾਈਟ ਵਰਗੀਆਂ ਸਹੂਲਤਾਂ ਉੱਤੇ ਕਰੋੜਾਂ ਕਰੋੜਾਂ ਰੁਪਏ ਖਰਚ ਕਰਨ ਦੀ ਵਿਆਪਕ ਯੋਜਨਾ ਹੈ। ਕੀਰਤਪੁਰ ਸਾਹਿਬ ਨੂੰ ਸਾਰੀਆ ਸਹੂਲਤਾਂ ਨਾਲ ਲੈਂਸ ਕੀਤਾ ਜਾਵੇਗਾ, ਬੁਨਿਆਦੀ ਸਹੂਲਤਾਂ ਵਿੱਚ ਕੋਈ ਕਸਰ ਨਹੀ ਛੱਡੀ ਜਾਵੇਗੀ। ਇਸ ਮੌਕੇ ਕਿਲ੍ਹਾ ਅਨੰਦਗੜ੍ਹ ਸਾਹਿਬ ਤੋ ਕਾਰ ਸੇਵਾ ਮੁਖੀ ਬਾਬਾ ਸੁੱਚਾ ਸਿੰਘ ਜੀ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕਮਿੱਕਰ ਸਿੰਘ ਡਾਢੀ ਚੇਅਰਮੈਨ, ਤਰਲੋਚਨ ਸਿੰਘ ਲੋਚੀ ਪ੍ਰਧਾਨ ਟਰੱਕ ਯੂਨੀਅਨ, ਗੁਰਪ੍ਰੀਤ ਸਿੰਘ ਅਰੋੜਾ ਵਾਈਸ ਪ੍ਰਧਾਨ ਟਰੇਡ ਵਿੰਗ ਜਿਲ੍ਹਾ ਰੂਪਨਗਰ, ਕੁਲਵੰਤ ਸਿੰਘ ਬਲਾਕ ਪ੍ਰਧਾਨ, ਪ੍ਰਕਾਸ਼ ਕੌਰ ਸੀਨੀਅਰ ਆਗੂ ਮਹਿਲਾ ਵਿੰਗ, ਗਗਨ ਭਾਰਜ, ਗਫੂਰ ਮੁਹੰਮਦ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

## ਨਿਰੰਤਰ ਬਿਜਲੀ ਸਪਲਾਈ ਬਹਾਲ ਰੱਖਣ ਲਈ ਦਿਨ ਰਾਤ ਜੁਟੇ ਰਹੇ ਪਾਵਰਕਾਮ ਕਰਮਚਾਰੀ- ਅਸਿਸਟੈਂਟ ਐਗਜੀਕੇਟਿਵ ਇੰਜੀਨਿਅਰ

**ਨੂਰਪੁਰ ਬੇਦੀ,12 ਸਤੰਬਰ (ਰਾਣਾ ਹਰੀਵਾਲ/ ਸੈਣੀ ਨਿੱਕੂਵਾਲ)** ਇੰਜ.ਭਾਗ ਸਿੰਘ ਅਸਿਸਟੈਂਟ ਐਗਜੀਕਿਓਟਿਵ ਇੰਜੀਨਿਅਰ ਪਾਵਰਕਾਮ ਨੂਰਪੁਰ ਬੇਦੀ ਨੇ ਇਸ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਦੀ ਸਮੱਸਿਆ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ 10 ਸਤੰਬਰ ਨੂੰ ਸਵੇਰੇ 3.30 ਵਜੇ ਮੌਸਮ ਖਰਾਬ ਹੋਣ ਕਾਰਨ ਲਾਈਨਾ ਤੇ ਦਰੱਖਤ ਡਿੱਗ ਗਏ ਸਨ, ਪ੍ਰੰਤੂ ਸ਼ਾਮ ਤੱਕ ਸਾਰੇ ਹੀ ਇਲਾਕੇ ਦੀ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਗਈ ਸੀ। ਉਨ੍ਹਾਂ ਨੇ ਦੱਸਿਆ ਕਿ ਕੇਵਲ ਇੱਕ ਪਿੰਡ ਖੱਡ ਬਠਲੋਰ ਦੀ ਬਿਜਲੀ ਸਪਲਾਈ ਬੰਦ ਸੀ, ਕਿਉਕਿ ਨਦੀ ਵਿਚ ਪਾਣੀ ਆਉਣ ਕਾਰਨ ਖੰਭੇ ਡਿੱਗ ਗਏ ਸਨ, ਪਰ ਇਸ ਪਿੰਡ ਦੀ ਬਿਜਲੀ ਸਪਲਾਈ 11 ਸਤੰਬਰ ਨੂੰ ਸਵੇਰ ਸਮੇਂ ਬਹਾਲ ਹੋ ਗਈ ਸੀ। ਇਸ ਤੋ ਇਲਾਵਾ ਸਾਰੇ ਇਲਾਕੇ ਦੀ ਬਿਜਲੀ ਸਪਲਾਈ ਬਹਾਲ ਹੈ ਅਤੇ ਪੂਰੇ ਇਲਾਕੇ ਦੀ ਬਿਜਲੀ ਦੀ ਨਿਰਵਿਘਨ ਰੱਖਣ ਲਈ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਕਸਰ ਹਨੇਰੀ ਤੇ ਤੇਜ ਹਵਾਵਾ ਕਾਰਨ ਕੁਝ ਨੀਮ ਪਹਾੜੀ ਇਲਾਕਿਆਂ ਵਿੱਚ ਭਾਰੀ ਬਰਸਾਤ ਤੇ ਝੱਖੜ ਨਾਲ ਜਦੋਂ ਬਿਜਲੀ ਦੀ ਸਪਲਾਈ ਬੰਦ ਹੋ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਡਿਊਟੀ ਉਤੇ ਤੈਨਾਤ ਕਰਮਚਾਰੀ ਬਹਾਲ ਕਰਵਾ ਲੈਂਦੇ ਹਨ।

## ਪੰਜਾਬ ਸਰਕਾਰ ਲੋਕਾਂ ਨੂੰ ਕਰਵਾ ਰਹੀ ਹੈ ਬੇਹਤਰ ਸੁਵਿਧਾਵਾਂ ਉਪਲਬਧ-ਸੁਖਜਿੰਦਰ ਸਿੰਘ ਕਾਉਣੀ



**ਸ੍ਰੀ ਮੁਕਤਸਰ ਸਾਹਿਬ 12 ਸਤੰਬਰ (ਮਨਜੀਤ ਸਿੱਧੂ)**:- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕਾਂ ਨੂੰ ਬੇਹਤਰ ਸੁਵਿਧਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਹਰ ਖੇਤਰ ਵਿੱਚ ਵੱਡੇ ਸੁਧਾਰ ਹੋਏ ਹਨ ਉਹ ਭਾਵੇਂ ਸਿੱਖਿਆ ਦਾ ਖੇਤਰ ਹੋਵੇ ਜਾਂ ਸਿਹਤ ਦਾ ਖੇਤਰ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਿ ?ਲ੍ਹਾ ਯੋਜਨਾ ਬੋਰਡ ਸ਼੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਨੇ ਪਿੰਡ ਭਲਾਈਆਣਾ ਸਿਹਤ ਕੇਂਦਰ ਵਿੱਚ ਆਪਣੇ ਅਖਤਿਆਰੀ ਕੋਟੇ ਵਿੱਚੋਂ ਢਾਈ ਲੱਖ ਰੁਪਏ ਖਰਚ ਕੇ ਬਣਾਏ ਪਖਾਨਿਆਂ ਦੀ ਇਮਾਰਤ ਦਾ ਉਦਘਾਟਨ ਕਰਦਿਆਂ ਕੀਤਾ।

## ਕਰਮਚਾਰੀਆਂ ਦੀ ਹੜਤਾਲ ਦੇ ਬਾਵਜੂਦ ਪੀਐਸਪੀਸੀਐਲ ਖਪਤਕਾਰਾਂ ਨੂੰ ਦੇ ਰਿਹਾ ਹੈ ਨਿਰੰਤਰ ਸਪਲਾਈ - ਚੀਫ ਇੰਜੀਨੀਅਰ ਬਾਰਡਰ ਜੋਨ

*ਬਦਲਵੇਂ ਪ੍ਰਬੰਧਾਂ ਨਾਲ ਨਿਰਵਿਘਨ ਦਿੱਤੀ ਜਾ ਰਹੀ ਹੈ ਸਪਲਾਈ -ਖਹਿਰਾ*

**ਅੰਮ੍ਰਿਤਸਰ 12 ਸਤੰਬਰ (ਸੋਨੂ ਨਰੂਲਾ)** ਪੰਜਾਬ ਭਰ ਵਿੱਚ ਪੀਐਸ ਪੀਸੀਐਲ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਹੜਤਾਲ ਨਾਲ ਪ੍ਰਭਾਵਿਤ ਹੋਣ ਵਾਲੀ ਬਿਜਲੀ ਸਪਲਾਈ ਨੂੰ ਨਿਰਵਿਘਨ ਜਾਰੀ ਰੱਖਣ ਲਈ ਸਰਹੱਦੀ ਇਲਾਕੇ ਵਿੱਚ ਕੀਤੇ ਗਏ ਬਦਲਵੇਂ ਪ੍ਰਬੰਧਾਂ ਸਦਕਾ ਬਿਜਲੀ ਸਪਲਾਈ ਵਿੱਚ ਕੋਈ ਵਿਘਨ ਨਹੀਂ ਪਿਆ। ਚੀਫ ਇੰਜੀਨੀਅਰ ਬਾਰਡਰ



ਜੋਨ ਸ੍ਰੀ ਦੇਸ ਰਾਜ ਬੰਗੜ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਡੇ ਤਕਰੀਬਨ 65 ਫੀਸਦੀ ਮੁਲਾਜ਼ਮ ਹੜਤਾਲ ਉੱਤੇ ਚੱਲ ਰਹੇ ਹਨ ਇਸ ਨੂੰ ਦੇਖਦੇ ਹੋਏ ਅਸੀਂ ਆਪਣੀ ਮੌਜੂਦਾ 45 ਫੀਸਦੀ ਹਾਜ਼ਰ ਕਰਮਚਾਰੀਆਂ ਤੋਂ ਇਲਾਵਾ ਜੂਨੀਅਰ ਇੰਜੀਨੀਅਰ ਐਸਡੀਓ ਐਕਸੀਅਨ ਬਿਜਲੀ ਸਪਲਾਈ ਨਿਰੰਤਰ ਜਾਰੀ ਰੱਖਣ ਲਈ ਵੱਖ ਵੱਖ ਖੇਤਰਾਂ ਵਿੱਚ ਤੈਨਾਤ ਕੀਤੇ ਹਨ, ਇਸ ਤੋਂ ਇਲਾਵਾ ਅਸੀਂ ਮੁੱਖ ਦਫਤਰ ਵਿਖੇ ਤੈਨਾਤ ਅਧਿਕਾਰੀਆਂ ਵਿੱਚੋਂ ਵੀ ਕਈ ਅਧਿਕਾਰੀਆਂ ਨੂੰ ਆਪਣੇ ਖੇਤਰ ਵਿੱਚ ਡਿਊਟੀ ਉੱਤੇ ਬੁਲਾਇਆ ਹੈ ਜਿਸ ਨਾਲ ਸਾਡੀ ਬਿਜਲੀ ਸਪਲਾਈ ਫਿਲਹਾਲ ਬਿਨਾਂ ਕਿਸੇ ਰੁਕਾਵਟ ਦੇ ਚੱਲ ਰਹੀ ਹੈ। ਇਸ ਮੌਕੇ ਸੀਨੀਅਰ ਇੰਜੀਨੀਅਰ ਸਭ ਅਰਬਨ ਸਰਦਾਰ ਗੁਰਸ਼ਰਨਜੀਤ ਸਿੰਘ ਖਹਿਰਾ ਨੇ ਦੱਸਿਆ ਕਿ ਸ਼ਹਿਰ ਵਿੱਚ ਸਾਡੇ ਕੋਲ ਕੰਪਲੇਂਟ ਹੈਂਡਲਿੰਗ ਬਾਈਕ ਦਾ ਤਕਰੀਬਨ 200 ਕਰਮਚਾਰੀ ਇਸ ਵੇਲੇ ਬਿਜਲੀ ਸਪਲਾਈ ਨੂੰ ਜਾਰੀ ਰੱਖਣ ਵਿੱਚ ਸਾਡੇ ਨਾਲ ਕੰਮ ਕਰ ਰਿਹਾ ਹੈ। ਉਹਨਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਅਸੀਂ ਖਪਤਕਾਰਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਬਿਜਲੀ ਸਪਲਾਈ ਦਿੰਦੇ ਰਹੀਏ। ਉਹਨਾਂ ਜਿਲਾ ਵਾਸੀਆਂ ਨੂੰ ਵੀ ਸਹਿਯੋਗ ਦੇਣ ਦੀ ਅਪੀਲ ਕਰਦੇ ਕਿਹਾ ਕਿ ਅਜਿਹੇ ਵਿੱਚ ਜੇਕਰ ਕਿਧਰੇ ਕੋਈ ਸ਼ਿਕਾਇਤ ਦਾ ਹੱਲ ਕਰਨ ਵਿੱਚ ਥੋੜੀ ਦੇਰੀ ਹੁੰਦੀ ਹੈ ਤਾਂ ਉਹ ਵਿਭਾਗ ਦਾ ਸਾਥ ਦੇਣ ਅਤੇ ਕਰਮਚਾਰੀਆਂ ਨਾਲ ਸਹਿਯੋਗ ਕਰਨ। ਸਰਦਾਰ ਖਹਿਰਾ ਨੇ ਦੱਸਿਆ ਕਿ ਅੰਮ੍ਰਿਤਸਰ ਵਿੱਚ ਤਕਰੀਬਨ 1600 ਦੇ ਕਰੀਬ ਕਰਮਚਾਰੀ ਡਿਊਟੀ ਉੱਤੇ ਨਿਯੁਕਤ ਹਨ ਜਿਨਾਂ ਵਿੱਚੋਂ ਇਸ ਵੇਲੇ ਲਗਭਗ ਸਾਢੇ ਕੁ 400 ਬੰਦਾ ਕੰਮ ਕਰ ਰਿਹਾ ਹੈ ਜਦ ਕਿ ਬਾਕੀ ਹੜਤਾਲ ਉੱਤੇ ਚੱਲ ਰਹੇ ਹਨ ਇਸ ਦੇ ਚਲਦੇ ਸਾਡੇ ਬਦਲਵੇਂ ਪ੍ਰਬੰਧਾਂ ਨਾਲ ਬਿਜਲੀ ਸਪਲਾਈ ਨਿਰੰਤਰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਜੁਆਇੰਟ ਫੋਰਮ ਏਕਤਾ ਮੰਚ ਟੀ.ਐਸ.ਯੂ ਭੰਗਲ ਅਤੇ ਪੈਨਸ਼ਨਰ ਯੂਨੀਅਨ ਵੱਲੋਂ ਸਮੂਹਿਕ ਛੁੱਟੀ ਦੇ ਤੀਜੇ ਦਿਨ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਖਿਲਾਫ ਜੰਮਕੇ ਕੀਤੀ ਨਾਅਰੇਬਾਜ਼ੀ



**ਸ੍ਰੀ ਅਨੰਦਪੁਰ ਸਾਹਿਬ, 12 ਸਤੰਬਰ (ਰਾਣਾ ਹਰੀਵਾਲ /ਸੈਣੀ ਨਿੱਕੂਵਾਲ)** ਪਾਵਰਕਾਮ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ ਬਿਜਲੀ ਮੁਲਾਜ਼ਮਾਂ ਵੱਲੋਂ ਇਕੱਠੇ ਹੋ ਕੇ ਸਮੂਹਿਕ ਛੁੱਟੀ ਦੇ ਤੀਜੇ ਦਿਨ ਹੜਤਾਲ ਤੇ ਜਾਣ ਤੇ ਭਰਮੀ ਰੋਸ ਰੈਲੀ ਕੀਤੀ ਅਤੇ ਪਾਵਰਕਾਮ ਮਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ ਜੰਮਕੇ ਨਾਅਰੇਬਾਜ਼ੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਪੀ.ਐਸ.ਈ.ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਪ੍ਰਧਾਨ ਦੇਸ਼ਰਾਜ ਘਈ ਅਤੇ ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਦੇ ਪ੍ਰਧਾਨ ਤਰਸੇਮ ਲਾਲ, ਟੀ.ਐਸ.ਯੂ ਸੋਢੀ ਦੇ ਡਵੀਜ਼ਨ ਸਕੱਤਰ ਮੋਹਿਤ ਸ਼ਰਮਾ ਅਤੇ ਪੈਨਸ਼ਨਰ ਯੂਨੀਅਨ ਦੇ ਸਕੱਤਰ ਚਰਨਦਾਸ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ ਅੱਜ ਦੀ ਇਸ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਗੋਪਾਲ ਸ਼ਰਮਾ, ਸਰਕਲ ਆਗੂ ਤਿਲਕਰਾਜ ਸਰਬਜੀਤ ਸਿੰਘ ਬੇਲਾ ਜਸਵਿੰਦਰ ਸਿੰਘ ਔਲਖ ਸੂਬਾ ਕੈਸ਼ੀਅਰ ਸੰਤੋਖ ਸਿੰਘ ਸਰਕਲ ਕੈਸ਼ੀਅਰ ਰਾਮ ਕ੍ਰਿਸ਼ਨ ਬੈਂਸ ਹਰਭਜਨ ਸਿੰਘ ਸੰਜੀਵ ਕੁਮਾਰ ਰੁਲੀਆ ਰਾਮ ਜਗਤਾਰ ਸਿੰਘ ਤਿਲਕ ਰਾਜ ਕਿਸਾਨ ਆਗੂ ਸੁਰਜੀਤ ਸਿੰਘ ਢੇਰ ਮਜ਼ਦੂਰ ਆਗੂ ਬਲਜਿੰਦਰ ਸਿੰਘ ਗੁਰਮੁਖ ਸਿੰਘ ਕੈਸ਼ੀਅਰ ਕਿਸਾਨ ਆਗੂ ਬਿਕਰਮ ਸਿੰਘ ਮੋਠਾਪੁਰ ਰਕੇਸ਼ ਬਾਲੀ ਗੁਰਚਰਨ ਸਿੰਘ ਰਮੇਸ਼ ਚੰਦ ਨੂਰਪੁਰ ਬੇਦੀ ਆਦਿ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ ਦਿੱਤੇ ਗਏ ਮੰਗ ਪੱਤਰ ਅਨੁਸਾਰ ਪ੍ਰਵੇਸ਼ਨਰੀ ਪੀਰੀਅਡ ਪੂਰਾ ਕਰ ਚੁੱਕੇ ਸਮੂਹ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਭੱਤਿਆਂ ਸਮੇਤ ਦਿੱਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਫਾਰਮੂਲੇ ਅਨੁਸਾਰ ਸੋਧੀ ਜਾਵੇ। 01 ਜਨਵਰੀ 2016 ਤੋਂ ਸਕੇਲਾਂ ਦੇ ਬਕਾਏ ਜਾਰੀ ਕੀਤੇ ਜਾਣ ਡੀਏ ਦੀਆਂ ਕਿਸਤਾਂ ਦਾ ਨਗਦ ਭੁਗਤਾਨ ਕੀਤਾ ਜਾਵੇ ਪਾਵਰਕਾਮ ਅੰਦਰ ਨਵੇਂ ਭਰਤੀ ਹੋਣ ਵਾਲੇ ਮੁਲਾਜ਼ਮਾਂ ਤੇ ਪਾਵਰਕਾਮ ਦੇ ਵੱਖਰੇ ਸਕੇਲ ਹੀ ਲਾਗੂ ਕੀਤੇ ਜਾਣ 9 16 23 ਸਾਲਾਂ ਸਕੇਲ ਲਾਗੂ ਕੀਤਾ ਜਾਵੇ ਕੰਮ ਭਾਰ ਮੁਤਾਬਕ ਨਵੀਂ ਰੈਗੂਲਰ ਭਰਤੀ ਕੀਤੀ ਜਾਵੇ ਹਰ ਤਰ੍ਹਾਂ ਦੇ ਠੇਕਾ ਆਧਾਰਿਤ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਵੇ ਹਰ ਤਰ੍ਹਾਂ ਦੇ ਬਿਜਲੀ ਮੁਲਾਜ਼ਮ ਨੂੰ ਹਾਦਸਾ ਹੋਣ ਤੇ ਮੌਤ ਉਪਰੰਤ ਸ਼ਹੀਦ ਦਾ ਦਰਜਾ ਦੇ ਕੇ ਇਕ ਕਰੋੜ ਰੁਪਇਆ ਮੁਆਵਜ਼ਾ ਰਾਸ਼ੀ ਤੇ ਪਰਿਵਾਰ ਦੇ ਇੱਕ ਜੀ ਨੂੰ ਪੱਕੀ ਨੌਕਰੀ ਦੇਣ ਦਾ ਐਲਾਨ ਕੀਤਾ ਜਾਵੇ ਜੇਕਰ ਸਰਕਾਰ ਉਪਰੋਕਤ ਮੰਗਾਂ ਨਹੀਂ ਮੰਨਦੀ ਤਾਂ ਬਿਜਲੀ ਮੁਲਾਜ਼ਮ ਸੰਘਰਸ਼ ਹੋਰ ਅੱਗੇ ਵਧਾਉਣ ਲਈ ਮਜਬੂਰ ਹੋਣਗੇ ਅੱਜ ਦੀ ਇਸ ਰੋਸ ਰੈਲੀ ਵਿੱਚ ਪਰਮਜੀਤ ਸਿੰਘ ਬੈਂਸ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

## ਚੋਗਾਵਾਂ 'ਚ ਫੂਡ ਮੁਹੱਲਾ ਤੇ ਐਸ.ਕੇ ਕੰਸਲਟਟ ਦਾ ਕੀਤਾ ਉਦਘਾਟਨ



**ਅੰਮ੍ਰਿਤਸਰ, 12 ਸਤੰਬਰ (ਸੋਨੂ ਨਰੂਲਾ)** ਤਹਿਸੀਲ ਲੋਪੋਕੇ ਦੇ ਸਭ ਤੋਂ ਵੱਡੇ ਕਸਬਾ ਚੋਗਾਵਾਂ ਵਿਖੇ ਹਲਕੇ ਦੇ ਲੋਕਾਂ ਦੀ ਮੰਗ ਨੂੰ ਪੂਰਾ ਕਰਦਿਆਂ ਫੂਡ ਮੁਹੱਲਾ ਤੇ ਐਸ.ਕੇ ਕੰਸਲਟਟ ਖੋਲਿਆ ਗਿਆ। ਜਿਸ ਦਾ ਰਸਮੀ ਉਦਘਾਟਨ ਪਨ ਗਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਦੇ ਭਰਾ ਸੁਖਦੇਵ ਸਿੰਘ ਮਿਆਦੀਆਂ ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਸੰਧੂ ਨੇ ਕੀਤਾ। ਇਸ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਬਲਾਕ ਪ੍ਰਧਾਨ ਜਰਮਨ ਸਿੰਘ ਕਾਵੇ ਤੇ ਸੂਰਜ ਸ਼ਰਮਾ ਵੱਲੋਂ ਸੁਖਦੇਵ ਸਿੰਘ ਮਿਆਦੀਆਂ, ਸਾਬਕਾ ਮੰਤਰੀ ਪਰਮਿੰਦਰ ਸਿੰਘ ਤੇ ਹੋਰਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਲੋਕਾਂ ਨੂੰ ਸ਼ਹਿਰ ਨਹੀਂ ਜਾਣਾ ਪਵੇਗਾ ਕਿਉਂਕਿ ਕਸਬਾ ਚੋਗਾਵਾਂ ਵਿੱਚ ਹੀ ਡੋਸਾ,ਪਾਓ ਬਾਜੀ, ਪੰਜ ਪਾਣੀ ਗੋਲ ਗੱਪੇ ਆਦਿ ਹੋਰ ਚੀਜ਼ਾਂ ਇੱਥੇ ਹੀ ਮਿਲਣਗੇ। ਜਿਸ ਦੀ ਹੋਮ ਡਿਲੀਵਰੀ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰੈਜੀਡੈਂਟ ਜਰਮਨ ਸਿੰਘ ਕਾਵੇ, ਬਿਕਰਮਜੀਤ ਸਿੰਘ, ਸੂਰਜ ਸ਼ਰਮਾ, ਬਲਾਕ ਪ੍ਰਧਾਨ ਦਵਿੰਦਰ ਸਿੰਘ ਭੁੱਲਰ, ਡਾ ਗੁਰਭੇਜ ਸਿੰਘ ਲੋਪੋਕੇ,ਸ਼ਮਸ਼ੇਰ ਸਿੰਘ ਬਰਾੜ, ਸ਼ਮਸ਼ੇਰ ਸਿੰਘ ਵਡਾਲਾ, ਮਿਲਖਾ ਸਿੰਘ ਕੱਲੇਵਾਲ, ,ਡਾ ਰਾਜਵਿੰਦਰ ਸਿੰਘ ਰਾਜੂ ਕੱਕੜ, ਮੁਨੀਸ਼ ਕੁਮਾਰ, ਬਾਬਾ ਦੀਦਾਰ ਸਿੰਘ, ਪੰਕਜ ਮੁਨਹਾਸ਼,ਬਲਵਿੰਦਰ, ਜਗਰੂਪ ਰੰਧਾਵਾ, ਜਗਦੇਵ ਪੰਨੂ, ਮਿੱਟੂ ਪੰਨੂ, ਗੁਰਸੇਵਕ ਜਾਣੀਆ, ਬਲਜੀਤ ਸਿੰਘ ਗੁਨੂਵਾਲੀਆ, ਅਮਰਪ੍ਰੀਤ ਸਿੰਘ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਹੈਲਥ ਕੇਅਰ ਪ੍ਰੋਫੈਸ਼ਨਲਜ਼ ਕਮੇਟੀ ਨੇ ਕੀਤੀ ਮੀਟਿੰਗ



**ਸ੍ਰੀ ਅਨੰਦਪੁਰ ਸਾਹਿਬ 12 ਸਤੰਬਰ (ਰਾਣਾ ਹਰੀਵਾਲ /ਸੈਣੀ ਨਿੱਕੂ ਵਾਲ)** ਰਾਜਪਾਲ ਸਿੰਘ ਸੇਖੋਂ ਉਪ ਮੰਡਲ ਮੈਜਿਸਟਰੇਟ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਹੇਠ 'ਪ੍ਰੀਵੈਨਸ਼ਨ ਆਫ ਵਾਇਓਲੈਂਸ ਅਗੇਂਸਟ ਹੈਲਥ ਕੇਅਰ ਪ੍ਰੋਫੈਸ਼ਨਲਜ਼ ਕਮੇਟੀ' ਦੀ ਮੀਟਿੰਗ ਅੱਜ ਉਪ ਮੰਡਲ ਦੇ ਮੀਟਿੰਗ ਹਾਲ ਵਿੱਚ ਹੋਈ। ਐੱਸ.ਡੀ.ਐਮ. ਵੱਲੋਂ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ, ਨੂਰਪੁਰ ਬੇਦੀ ਤੇ ਕੀਰਤਪੁਰ ਸਾਹਿਬ ਅਧੀਨ ਸਰਕਾਰੀ/ਪ੍ਰਾਈਵੇਟ ਕਲੀਨਿਕਾਂ 'ਚ ਸੀ.ਸੀ.ਟੀ.ਵੀ ਕੈਮਰਿਆਂ ਨੂੰ ਯਕੀਨੀ ਕਰਨ ਦੀ ਹਦਾਇਤ ਜਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਸਬ-ਡਵੀਜ਼ਨ ਕਮੇਟੀਆਂ ਦਾ ਗਠਨ ਕਰ ਕੇ ਮਹੀਨਾਵਾਰ ਰਿਪੋਰਟ ਸਿਵਲ ਸਰਜਨ ਰੂਪਨਗਰ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਹਸਪਤਾਲਾਂ 'ਚ 'ਪ੍ਰੀਵੈਨਸ਼ਨ ਆਫ ਵਾਇਓਲੈਂਸ ਅਗੈਂਸਟ ਹੈਲਥ ਕੇਅਰ ਪ੍ਰੋਫੈਸ਼ਨਲਜ਼ ਕਮੇਟੀ ਐਂਡ ਡੈਮੇਜ਼ ਆਫ ਪ੍ਰੋਪਰਟੀ ਐਕਟ 2008 ਅਧੀਨ ਕਾਰਵਾਈ ਸਬੰਧੀ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਅੰਗਰੇਜ਼ੀ ਤੇ ਪੰਜਾਬੀ 'ਚ ਡਿਸਪਲੇ ਬੋਰਡ ਹਸਪਤਾਲਾਂ 'ਚ ਲਾਏ ਜਾਣ ਅਤੇ ਸਮੂਹ ਸਰਕਾਰੀ/ਪ੍ਰਾਈਵੇਟ ਕਲੀਨਿਕਾਂ ਅਧੀਨ ਆਉਂਦੇ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਨੂੰ ਫੋਟੋ ਆਈਡੀ ਕਾਰਡ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ। ਐਸ.ਡੀ.ਐਮ ਨੇ ਦੱਸਿਆ ਕਿ ਜਦੋ ਕੋਈ ਪਰਿਵਾਰ ਮਰੀਜ਼ ਨੂੰ ਲੈ ਕੇ ਹਸਪਤਾਲ ਵਿਚ ਆਉਦਾ ਹੈ ਉਸ ਸਮੇ ਸਥਿਤੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ, ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਠਰਮਾ ਵਰਤਣਾ ਚਾਹੀਦਾ ਹੈ ਅਤੇ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਨੂੰ ਵੀ ਧੀਰਜ ਰੱਖ ਕੇ ਉਸ ਪਰਿਵਾਰ ਨੂੰ ਸਾਰੀ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਉਸ ਸਥਿਤੀ ਸੁਹਿਰਦ ਵਾਤਾਵਰਣ ਕਾਇਮ ਰਹੇ।

## ਪਾਵਰਕਾਮ ਅਤੇ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਕਾਰਨ ਬਿਜਲੀ ਮੁਲਾਜ਼ਮਾਂ ਵੱਲੋਂ 17 ਤਰੀਕ ਤੱਕ ਸਮੂਹਿਕ ਛੁੱਟੀ ਤੇ ਜਾਣ ਦਾ ਫੈਸਲਾ - ਹਰਦੀਪ ਕੁਮਾਰ ਬਿਰੜਵਾਲ

**ਨਾਭਾ 12 ਸਤੰਬਰ (ਗੁਰਪ੍ਰੀਤ ਸਿੰਘ ਬਰਸਟ)** ਬਿਜਲੀ ਮੁਲਾਜ਼ਮ ਟੈਕਨੀਕਲ ਸਰਵਿਸ ਯੂਨੀਅਨ ਆਗੂ ਹਰਦੀਪ ਕੁਮਾਰ ਬਿਰੜਵਾਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਬਿਜਲੀ ਮੁਲਾਜ਼ਮ 10 ਸਤੰਬਰ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸਮੂਹਿਕ ਛੁੱਟੀ ਦੇ ਚੱਲ ਰਹੇ ਹਨ ।ਪਾਵਰ ਕਾਮ ਦੀ ਮੈਨੇਜਮੈਂਟ ਅਤੇ ਬਿਜਲੀ



ਮੰਤਰੀ ਨਾਲ ਮੀਟਿੰਗ ਵਿੱਚ ਹੋਈਆ ਸਹਿਮਤੀਆਂ ਨੂੰ ਲਾਗੂ ਕਰਨ ਤੋਂ ਪਾਵਰ ਕਾਮ ਦੀ ਮੈਨੇਜਮੈਂਟ ਲਗਾਤਾਰ ਟਾਲਾ ਵੱਟ ਰਹੀ ਹੈ ਅਤੇ ਮੁੱਖ ਮੰਤਰੀ ਪੰਜਾਬ ਲਗਾਤਾਰ ਮੀਟਿੰਗਾਂ ਦੇ ਕੇ ਮੁਨਕਰ ਹੋ ਰਹੇ ਹਨ ।ਜਿਸ ਕਰਕੇ ਪੰਜਾਬ ਦੇ ਸਮੂਹ ਬਿਜਲੀ ਮੁਲਾਜ਼ਮਾਂ ਵਿੱਚ ਪਾਵਰ ਕਾਮ ਦੀ ਮੈਨੇਜਮੈਂਟ ਖਿਲਾਫ ਅਤੇ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਉਹਨਾਂ ਸੰਘਰਸ਼ ਨੂੰ ਅੱਗੇ ਤੋਰਦਿਆਂ ਅੱਜ ਫੇਰ 17 ਤਰੀਕ ਤੱਕ ਸਮੂਹਿਕ ਛੁੱਟੀ ਤੇ ਜਾਣ ਦਾ ਐਲਾਨ ਕੀਤਾ ਅਤੇ ਸਮੂਹਿਕ ਛੁੱਟੀ ਦੌਰਾਨ ਡਿਵੀਜ਼ਨ ਪੱਧਰ ਤੇ ਰੋਸ ਰੋਸ ਰੈਲੀਆਂ ਕਰਨ ਦਾ ਐਲਾਨ ਕੀਤਾ ।ਸਤੰਬਰ 17 ਨੂੰ ਹੈਡ ਆਫਿਸ ਪਟਿਆਲਾ ਵਿਖੇ ਪੰਜਾਬ ਪੱਧਰ ਦਾ ਧਰਨਾ ਦੇਣ ਦਾ ਐਲਾਨ ਕੀਤਾ ।ਉਹਨਾਂ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਨਿਜੀ ਤੌਰ ਤੇ ਆਪਣਾ ਦਾਖਲ ਦੇ ਕੇ ਮੰਗਾਂ ਹੱਲ ਕਰਾਉਣ ਦੀ ਅਪੀਲ ਕੀਤੀ । ਜਥੇਬੰਦੀਆਂ ਵੱਲੋਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 17 ਸਤੰਬਰ ਤੱਕ ਬਿਜਲੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਸਰਕੂਲਰ ਜਾਰੀ ਨਹੀਂ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸੰਘਰਸ਼ ਇਸ ਤੋਂ ਵੀ ਤੇਜ਼ ਕੀਤਾ ਜਾਵੇਗਾ ।ਤੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਪਾਵਰ ਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਹੋਵੇਗੀ ।ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਲਈ ਚਿੰਤਾ ਜਤਾਈ ਅਤੇ ਪਬਲਿਕ ਨੂੰ ਅਤੇ ਕਿਸਾਨ ਯੂਨੀਅਨਾਂ ਜਾਇਜ਼ ਮੰਗਾਂ ਲਈ ਚੱਲ ਰਹੇ ਸੰਘਰਸ਼ ਵਿੱਚ ਸਹਿਯੋਗ ਕਰਨ ਦੀ ਵੀ ਅਪੀਲ ਕੀਤੀ।

## ਵਧੀਕ ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਪੰਜਾਬ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ 2024 ਮਨਾਉਣ ਲਈ ਵਿਸ਼ੇਸ਼ ਉਪਰਾਲਾ





**ਸ੍ਰੀ ਅਨੰਦਪੁਰ ਸਾਹਿਬ, 12 ਸਤੰਬਰ (ਰਾਣਾ ਹਰੀਵਾਲ/ ਸੈਣੀ ਨਿੱਕੂਵਾਲ)** ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਮਦਨ ਲਾਲ ਸੈਨੇਟਰੀ ਇੰਸਪੈਕਟਰ ਅਤੇ ਉਹਨਾਂ ਦੀ ਸਮੂਹ ਟੀਮ ਵੱਲੋਂ ਸਮੂਹ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਗਈ ਕਿ ÷ਸਵੱਛਤਾ ਹੀ ਸੇਵਾ÷ 2024 ਸਬੰਧੀ ਇੱਕ ਵਿਸ਼ੇਸ਼ ਮੁਹਿੰਮ ਤਹਿਤ ਸਫਾਈ ਵਿਵਸਥਾ ਨੂੰ ਹੋਰ ਵਧੀਆ ਤਰੀਕੇ ਨਾਲ ਲਾਗੂ ਕਰਨ ਲਈ ਅਤੇ ਹਰ ਇੱਕ ਆਮ ਅਤੇ ਖਾਸ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਮਿਤੀ 14 ਸਤੰਬਰ 2024 ਤੋਂ 2 ਅਕਤੂਬਰ 2024 ਤੱਕ ਵਿਸ਼ੇਸ਼ ਪੰਦਰਵਾੜਾ ਮਨਾਇਆ ਜਾ ਰਿਹਾ ਹੈ।ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਲੋਕ ਘਰਾਂ ਦੇ, ਦੁਕਾਨਾਂ, ਰੇਹੜੀਆਂ ਫੜੀਆਂ, ਫੈਕਟਰੀਆਂ, ਹੋਟਲਾਂ ਦੇ ਆਲੇ ਦੁਆਲੇ ਸਾਫ ਸਫਾਈ ਸਬੰਧੀ ਵਿਸ਼ੇਸ਼ ਧਿਆਨ ਦੇਣ ਅਤੇ ਨਗਰ ਕੌਂਸਲ ਦੀ ਆ ਰਹੀ ਗੱਡੀ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਅਲੱਗ ਅਲੱਗ ਪਾਇਆ ਜਾਵੇ। ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਾਸੀਆਂ ਦੇ ਇਸ ਵਿਸ਼ੇਸ਼ ਯੋਗਦਾਨ ਲਈ ਬਹੁਤ ਧੰਨਵਾਦੀ ਹੋਵੇਗੀ। ਇਸ ਮੌਕੇ ਪਰਮਜੀਤ ਸੋਨੂੰ, ਸਤੀਸ਼ ਸੁਖਦੇਵ ਸਿੰਘ, ਰਜਿੰਦਰ ਕਾਲਾ, ਗੁਰਮੀਤ ਸਿੰਘ , ਰੋਹਿਤ ਕੁਮਾਰ, ਸ਼ਾਮ ਲਾਲ ਕਰੂਰਾ, ਧਰਮਵੀਰ, ਬਲਵੀਰ ਕੁਮਾਰ, ਦਲਜੀਤ ਸਿੰਘ, ਸੰਜੀਵ ਕੁਮਾਰ, ਮਦਨ ਲਾਲ ਆਦਿ ਹਾਜਰ ਸਨ।

## ਸੀਪੀਆਈ (ਐਮ) ਵਲੋਂ ਘਨੌਰ ਵਿਖੇ ਪੰਜਾਬ ਸਰਕਾਰ ਦੀ ਲੋਕ ਵਿਰੋਧੀ ਨੀਤੀਆਂ ਖਿਲਾਫ ਫੂਕਿਆ ਪੁਤਲਾ

**ਪੈਟਰੋਲ, ਡੀਜਲ, ਬਿਜਲੀ ਕੀਮਤ 'ਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲਵੇ ਸਰਕਾਰ : ਡਾ.ਵਿਜੇਪਾਲ**



**ਘਨੌਰ 12 ਸਤੰਬਰ (ਅਭਿਸ਼ੇਕ ਸੂਦ)** : ਸੀਪੀਆਈ(ਐਮ) ਦੇ ਸੱਦੇ ਤੇ ਜਿਲਾ ਕਮੇਟੀ ਮੈਂਬਰ ਡਾ.ਵਿਜੇ ਪਾਲ ਘਨੌਰ ਦੀ ਅਗਵਾਈ ਪੰਜਾਬ ਸਰਕਾਰ ਦੀ ਲੋਕ ਵਿਰੋਧੀ ਨੀਤੀਆਂ ਪੈਟਰੋਲ,ਡੀਜਲ ਤੇ ਬਿਜਲੀ ਦਰਾਂ ਵਿਚ ਕੀਤੇ ਵਾਧੇ ਖਿਲਾਫ ਬੱਸ ਸਟੈਂਡ ਘਨੌਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਸਰਕਾਰ ਦੇ ਖਿਲਾਫ ਨਾਅਰੇਬਾਜੀ ਕਰਦਿਆਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਨੇ ਲੋਕ ਹਿਤੈਸੀ ਹੋਣ ਦਾ ਢੰਡੋਰਾ ਪਿੱਟ ਕੇ ਸੱਤਾ ਤਾਂ ਹਾਸਲ ਕਰ ਲਈ ਪਰ ਰੋਜਾਨਾ ਸਰਕਾਰ ਵਲੋਂ ਲੋਕ ਵਿਰੋਧੀ ਫੈਸਲੇ ਲਏ ਜਾ ਰਹੇ ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਰਾਜ ਵਿਚ ਨਸ਼ਾ, ਭ੍ਰਿਸਟਾਚਾਰ, ਗੁੰਡਾਗਰਦੀ ਹੱਦੋਂ ਟੱਪ ਗਈ ਹੈ। ਪੈਟਰੋਲ, ਡੀਜਲ ਤੇ ਬਿਜਲੀ ਤੇ ਸਬਸਿਡੀ ਖਤਮ ਕਰਨ ਨਾਲ ਲੋਕਾਂ ਦੀ ਆਰਥਿਕਤਾ ਨੂੰ ਵੱਡੀ ਸੱਟ ਲੱਗੀ ਹੈ। ਪੰਜਾਬ ਸਰਕਾਰ ਆਪਣੇ ਚੋਣ ਵਾਅਦਿਆਂ ਤੋਂ ਪਿਛੇ ਹੱਟਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਰੇਕ ਵਰਗ ਦੇ ਸਾਥੀ ਡਾਕਟਰ, ਅਧਿਆਪਕ, ਮਜਦੂਰ, ਮੁਲਾਜਮ ਸੜਕਾਂ ਤੇ ਨਿਕਲ ਆਏ ਹਨ। ਸਾਡੀ ਪਾਰਟੀ ਸੀਪੀਆਈ (ਐਮ) ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਵਧਾਈਆਂ ਕੀਮਤਾਂ ਨੂੰ ਤੁਰੰਤ ਵਾਪਸ ਲਵੇ। ਇਸ ਮੌਕੇ ਮਨਰੇਗਾ ਆਗੂ ਕਾਮਰੇਡ ਪ੍ਰੇਮ ਸਿੰਘ ਘਨੌਰ, ਖੇਤ ਮਜਦੂਰ ਯੂਨੀਅਨ ਜ਼ਸਪਾਲ ਕੁਮਾਰ, ਸਾਹਿਲ ਕੁਮਾਰ, ਹੰਸ ਰਾਜ ਸਰਾਲਾ ਆਦਿ ਹਾਜਰ ਸਨ।

## ਹਰਿਆਣਾ ਦੇ ਜੀਂਦ ਵਿਖੇ ਹੋਣ ਵਾਲੀ ਕਿਸਾਨ ਮਹਾਂ ਪੰਚਾਇਤ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਕਿਸਾਨ ਕਰਨਗੇ ਸ਼ਮੂਲੀਅਤ - ਸ਼ੋਰ ਸਹਿਜੜਾ

**ਉਚਾਨਾ ਦੀ ਦਾਣਾ ਮੰਡੀ ਵਿੱਚ 15 ਸਤੰਬਰ ਨੂੰ ਹੋਵੇਗੀ ਕਿਸਾਨ ਮਹਾਂ ਪੰਚਾਇਤ**



**ਮਹਿਲ ਕਲਾਂ 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** - ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਬਲਾਕ ਬਲਾਕ ਮਹਿਲ ਕਲਾਂ ਦੀ ਮੀਟਿੰਗ ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਬਲਾਕ ਪ੍ਰਧਾਨ ਜਗਪਾਲ ਸਿੰਘ ਧਾਲੀਵਾਲ ਸਹਿਜੜਾ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਕੇਂਦਰ ਸਰਕਾਰ ਦੀ ਵਾਅਦਾ ਖਿਲਾਫੀ ਦੇ ਸਬੰਧ ਵਿੱਚ ਲੰਘੀ 13 ਫਰਵਰੀ ਤੋਂ ਪੰਜਾਬ ਹਰਿਆਣਾ ਦੇ ਬਾਰਡਰਾਂ ਤੇ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲਾ ਜਰਨਲ ਸਕੱਤਰ ਨਛੱਤਰ ਸਿੰਘ ਸਹੋਰ, ਬਲਾਕ ਪ੍ਰਧਾਨ ਜਗਪਾਲ ਸਿੰਘ ਧਾਲੀਵਾਲ ਸਹਿਜੜਾ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਉਣ ਵਾਲੀ 15 ਸਤੰਬਰ ਨੂੰ ਕਿਸਾਨਾਂ ਵੱਲੋਂ ਹਰਿਆਣਾ ਦੇ ਜੀਂਦ ਵਿੱਚ ਕਸਬਾ ਉਚਾਨਾ ਦੀ ਦਾਣਾ ਮੰਡੀ ਵਿੱਚ ਇੱਕ ਵਿਸਾਲ ਕਿਸਾਨ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ ਅਤੇ ਇਸ ਮਹਾਂ ਪੰਚਾਇਤ ਵਿੱਚ ਦੇਸ ਦੇ ਕਿਸਾਨਾਂ ਤੋਂ ਇਲਾਵਾ ਪੰਜਾਬ ਤੋਂ ਹਜਾਰਾਂ ਦੀ ਗਿਣਤੀ ਵਿੱਚ ਕਿਸਾਨ ਹਿੱਸਾ ਲੈਣਗੇ ਅਤੇ ਇਹ ਹਰਿਆਣਾ ਵਿੱਚ ਹੋ ਰਹੀ ਕਿਸਾਨ ਪੰਚਾਇਤ ਕੇਂਦਰ ਸਰਕਾਰ ਦੀਆਂ ਜੜ੍ਹਾਂ ਤੱਕ ਹਿਲਾ ਕੇ ਰੱਖ ਦੇਵੇਗੀ। ਉਹਨਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸੇ ਤਰ੍ਹਾਂ ਦੀ ਇੱਕ ਪੰਚਾਇਤ ਹਰਿਆਣਾ ਦੇ ਪਿੱਪਲੀ ਦੇ ਵਿੱਚ ਕਰਨ ਦਾ ਐਲਾਨ ਵੀ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਅਤੇ ਕਿਸਾਨ ਮਜਦੂਰ ਮੋਰਚਾ ਦੇ ਸਾਂਝੇ ਫਰੰਟ ਵੱਲੋਂ ਕੀਤਾ ਗਿਆ ਹੈ ਉਹਨਾਂ ਦੱਸਿਆ ਕਿ ਇਸ ਸਬੰਧੀ ਉਹਨਾਂ ਵੱਲੋਂ ਜਿਲ੍ਹਾ ਜਿਲਾ ਬਰਨਾਲਾ ਦੇ ਵੱਖ ਵੱਖ ਬਲਾਕਾਂ ਵਿੱਚ ਪਹੁੰਚ ਕੇ ਪਿੰਡਾਂ ਦੇ ਇਕਾਈ ਆਗੂਆਂ ਅਤੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਬਲਾਕ ਪ੍ਰਧਾਨ ਜਗਪਾਲ ਸਿੰਘ ਧਾਲੀਵਾਲ ਸਹਿਜੜਾ ਨੇ ਦੱਸਿਆ ਕਿ ਬਲਾਕ ਮਹਿਲ ਕਲਾਂ ਨਾਲ ਸਬੰਧਿਤ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਇਸ ਹੋ ਰਹੀ ਮਹਾਂ ਪੰਚਾਇਤ ਦਾ ਹਿੱਸਾ ਬਣਨਗੇ ਜਿਸ ਦੀਆਂ ਤਿਆਰੀਆਂ ਲਈ ਹੀ ਇਹ ਬਲਾਕ ਪੱਧਰੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਜੰਗੀਰ ਸਿੰਘ ਮਹਿਲ ਕਲਾਂ, ਯਾਦਵਿੰਦਰ ਸਿੰਘ ਚੁਹਾਣਕੇ ਖੁਰਦ, ਬਲਾਕ ਦੇ ਖਜ਼ਾਨਚੀ ਸੁਖਵਿੰਦਰ ਸਿੰਘ ਖਿਆਲੀ, ਗੁਰਮੇਲ ਸਿੰਘ ਕਲਾਲਾ,ਗੁਰਦਿਆਲ ਸਿੰਘ ਹਰਦਾਸਪੁਰਾ, ਦਲਵਿੰਦਰ ਸਿੰਘ ਵਜੀਦਕੇ, ਹਰਨੇਕ ਸਿੰਘ ਕੁਤਬਾ, ਜਗਰਾਜ ਸਿੰਘ ਕਲਾਲਮਾਜਰਾ, ਰਣਬੀਰ ਸਿੰਘ ਸਹੋਰ, ਰਾਜਵਿੰਦਰ ਸਿੰਘ ਤੇ ਗੁਰਬਿੰਦਰ ਸਿੰਘ ਬੀਹਲਾ, ਜਗਜੀਤ ਸਿੰਘ ਤੇ ਤਜਿੰਦਰ ਸਿੰਘ ਗੰਗੋਹਰ, ਕੁਲਦੀਪ ਸਿੰਘ, ਕੁਲਵੰਤ ਸਿੰਘ ਖਿਆਲੀ ਤੋ ਇਲਾਵਾ ਹੋਰ ਵੀ ਹਾਜ਼ਰ ਸਨ।

## ਸਰਕਾਰੀ ਕੰਨਿਆ ਸਕੂਲ ਵਿਖੇ ਹਿੰਦੀ ਦਿਵਸ ਸਬੰਧੀ ਕਰਵਾਏ ਮੁਕਾਬਲੇ



**ਸ੍ਰੀ ਅਨੰਦਪੁਰ ਸਾਹਿਬ 12 ਸਤੰਬਰ (ਰਾਣਾ ਹਰੀਵਾਲ/ ਸੈਣੀ ਨਿੱਕੂਵਾਲ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਿੰਦੀ ਦਿਵਸ ਮਨਾਇਆ ਗਿਆ। ਜਿਸ ਵਿੱਚ ਕਵਿਤਾ ਗਾਇਨ, ਸੁੰਦਰ ਲਿਖਾਈ ਮੁਕਾਬਲੇ ਅਤੇ ਹਿੰਦੀ ਦਿਵਸ ਸਬੰਧੀ ਨਾਟਕ ਕਰਵਾਇਆ ਗਿਆ। ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਜੇਤੂ ਬੱਚਿਆਂ ਨੂੰ ਇਨਾਮ ਦੇ ਕੇ ਉਹਨਾਂ ਦੀ ਹੋਸਲਾਂ ਅਫਜਾਈ ਕੀਤੀ। ਇਸ ਮੌਕੇ ਸੰਗੀਤਾ ਮੇਰਾ ਅਤੇ ਸੀਮਾ ਜੱਸਲ ਨੇ ਮੁਕਾਬਲਿਆ ਵਿੱਚ ਜੱਜ ਦੀ ਭੂਮਿਕਾ ਨਿਭਾਈ, ਪੁਨੀਤਾ ਸ਼ਰਮਾ, ਸੀਮਾ ਰਾਣੀ ਨੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਇਸ ਮੌਕੇ ਸਮੂਹ ਸਟਾਫ ਹਾਜਰ ਸੀ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਦੇ ਜਥੇ ਨੂੰ ਭਾਈ ਪਰਮਜੀਤ ਸਿੰਘ ਖ਼ਾਲਸਾ ਨੇ ਕੀਤਾ ਰਵਾਨਾ



**ਮਹਿਲ ਕਲਾਂ, 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਪਿੰਡ ਹਰਦਾਸਪੁਰਾ ਅਤੇ ਇਤਿਹਾਸਕ ਪਿੰਡ ਕੁਤਬਾ ਤੋਂ ਸਿੱਖ ਸੰਗਤਾਂ ਦਾ ਜਥਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਮੈਂਬਰ ਭਾਈ ਪਰਮਜੀਤ ਸਿੰਘ ਖ਼ਾਲਸਾ ਨੇ ਰਵਾਨਾ ਕੀਤਾ । ਇਸ ਮੌਕੇ ਭਾਈ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਪੰਜ ਤਖ਼ਤ ਸਾਹਿਬਾਨਾਂ ਅਤੇ ਹੋਰ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਾਉਣ ਲਈ ਆਪਣੇ ਖ਼ਰਚੇ ਨਾਲ ਯੋਜਨਾ ਬਣਾਈ ਹੈ, ਜਿਸ ਤਹਿਤ ਅੱਜ ਪਿੰਡ ਹਰਦਾਸਪੁਰਾ ਅਤੇ ਇਤਿਹਾਸਕ ਪਿੰਡ ਕੁਤਬਾ ਦੀਆਂ ਸੰਗਤਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਈਆਂ ਹਨ, ਉਨ੍ਹਾਂ ਕਿਹਾ ਕਿ ਹਰ ਸਿੱਖ ਦੇ ਮਨ ਵਿਚ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦੀ ਤਾਂਘ ਰਹਿੰਦੀ ਹੈ, ਪਰ ਕੁੱਝ ਘਰੇਲੂ ਮਜਬੂਰੀਆਂ ਕਰ ਕੇ ਉਹ ਦਰਸ਼ਨ ਦੀਦਾਰੇ ਕਰਨ ਨਹੀਂ ਜਾ ਸਕਦਾ । ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਗਤੀਸ਼ੀਲ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਵਲੋਂ ਇਹ ਉਪਰਾਲਾ ਕੀਤਾ ਗਿਆ ਹੈ । ਇਸ ਮੌਕੇ ਬੀਬੀ ਅਮਰਜੀਤ ਕੌਰ ਹਰਦਾਸਪੁਰਾ ਅਤੇ ਸਮੂਹ ਪ੍ਰਬੰਧਕਾਂ ਵਲੋਂ ਭਾਈ ਪਰਮਜੀਤ ਸਿੰਘ ਖ਼ਾਲਸਾ ਦਾ ਸਨਮਾਨ ਕੀਤਾ ਗਿਆ। ਭਾਈ ਜਰਨੈਲ ਸਿੰਘ ਬਰਨਾਲਾ, ਭਾਈ ਗੁਲਜ਼ਾਰ ਸਿੰਘ ਖ਼ਾਲਸਾ, ਭਾਈ ਮਨਪ੍ਰੀਤ ਸਿੰਘ, ਬਲਵਿੰਦਰ ਸਿੰਘ ਉੱਪਲ, ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਭੋਲਾ ਸਿੰਘ ਕੁਤਬਾ, ਕੁਲਦੀਪ ਸਿੰਘ ਦਿਉਲ, ਖ਼ੁਸ਼ਕਰਨ ਸਿੰਘ ਸਿੱਧੂ ਆਦਿ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

# ਆਂਗਨਵਾੜੀ ਸੈਂਟਰ ਮਾਣਕੀ ਵਿਖ਼ੇ ਸਿਹਤ ਤੇ ਖ਼ੁਰਾਕ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ

## ਚੰਗੀ ਸਿਹਤ ਲਈ ਚੰਗੀ ਖ਼ੁਰਾਕ ਲੈਣਾ ਤੇ ਜੀਵਨ ਸ਼ੈਲੀ ਵਿੱਚ ਬਦਲਾਵ ਬਹੁਤ ਜਰੂਰੀ

**ਸੰਦੌੜ 12 ਸਤੰਬਰ (ਰਾਜੇਸ਼ ਸ਼ਰਮਾ)** ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ.ਜੀ ਐਸ ਭਿੰਡਰ ਦੀ ਅਗਵਾਈ



ਆਂਗਨਵਾੜੀ ਸੈਂਟਰ ਮਾਣਕੀ ਵਿਖੇ ਕੌਮੀ ਖੁਰਾਕ ਹਫਤੇ ਨੂੰ ਮੁੱਖ ਰੱਖਦਿਆਂ ਲੋਕਾਂ ਨੂੰ ਸਿਹਤ ਸੰਭਾਲ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਿਹਤ ਕਰਮਚਾਰੀ ਰਾਜੇਸ਼ ਰਿਖੀ ਨੇ ਕਿਹਾ ਕਿ ਸਿਹਤ ਮੰਦ ਸਮਾਜ ਦੀ ਸਿਰਜਣਾ ਲਈ ਹਰ ਇੱਕ ਦੀ ਚੰਗੀ,ਨਰੋਈ ਸਿਹਤ ਜਰੂਰੀ ਹੈ ਜਿਸ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਉਹਨਾਂ ਦੱਸਿਆ ਕਿ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਪੌਸ਼ਟਿਕ ਆਹਾਰ ਦੀ ਵਧੇਰੇ ਲੋੜ ਹੁੰਦੀ ਹੈ। ਉਹਨਾਂ ਕਿਹਾ ਕੇ ਚੰਗੀ ਸਿਹਤ ਲਈ ਚੰਗੀ ਖੁਰਾਕ ਤੇ ਜੀਵਨ ਸ਼ੈਲੀ ਵਿੱਚ ਬਦਲਾਵ ਜਰੂਰੀ ਹੈ ਇਸ ਲਈ ਘਰੇਲੂ ਦੁੱਧ ,ਦਹੀਂ ,ਤਾਜ਼ਾ ਸਬਜ਼ੀਆਂ ਅਤੇ ਫਲ ਵਿਟਾਮਿਨ ਨਾਲ ਭਰਪੂਰ ਹੁੰਦੇ ਹਨ ਇਸ ਲਈ ਉਨ੍ਹਾਂ ਨੂੰ ਆਪਣੇ ਭੋਜਨ ਚ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਬੱਚੇ ਫਾਸਟ ਫੂਡ ਖਾਣਾ ਖਾਣ ਦੇ ਬਹੁਤ ਸ਼ੌਕੀਨ ਹਨ ਜੋ ਕਿ ਸਿਹਤ ਲਈ ਹਾਨੀਕਾਰਕ ਹੈ। ਇਹ ਖਾਣਾ ਖਾਣ ਨਾਲ ਬੱਚੇ ਬਹੁਤ ਸਾਰੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ।ਇਸ ਲਈ ਫਾਸਟ ਫੂਡ ਅਤੇ ਜੰਕ ਫੂਡ ਖਾਣਾ ਖਾਣ ਤੋਂ ਪਰਹੇਜ਼ ਕਰਦੇ ਹੋਏ ਕਸਰਤ ਕਰਨ ਦਾ ਨਿਯਮ ਬਣਾਉਣਾ ਚਾਹੀਦਾ ਹੈ। ਇਸ ਮੌਕੇਡਾਕਟਰ ਮਾਘ ਸਿੰਘ, ਮਪਹਵ ਫੀਮੇਲ ਜੈਨਬ ਬੀਬੀ,ਆਗਨਵਾੜੀ ਵਰਕਰ ਲਖਵਿੰਦਰ ਕੌਰ, ਰਮਨਪ੍ਰੀਤ ਕੌਰ, ਆਸ਼ਾ ਵਰਕਰ ਬਲਵਿੰਦਰ ਕੌਰ,ਹਰਜਿੰਦਰ ਕੌਰ, ਨਿਰਮਲ ਸਿੰਘ, ਕੁਲਦੀਪ ਸਿੰਘ ਸਮੇਤ ਕਈ ਹਾਜ਼ਰ ਸਨ।

# 32ਵਾਂ ਮਹੀਨਾਵਾਰ ਸ੍ਰੀ ਦੁਰਗਾ ਅਸ਼ਟਮੀ ਉਤਸਵ ਮਨਾਇਆ



**ਚੀਮਾ ਮੰਡੀ 12 ਸਤੰਬਰ (ਕੁਲਦੀਪ ਕੁਮਾਰ)** ਸ੍ਰੀ ਰਾਮ ਨੌਮੀ ਉਤਸਵ ਅਤੇ ਸੋਸ਼ਲ ਵੈਲਫੇਅਰ ਸੁਸਾਇਟੀ ਰਜਿ ਚੀਮਾ ਮੰਡੀ ਵੱਲੋਂ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਹੋਇਆ ਮਹੀਨਾਵਾਰ ਸ੍ਰੀ ਦੁਰਗਾ ਅਸ਼ਟਮੀ ਉਤਸਵ ਲੜੀਵਾਰ 32 ਵੀ ਵਾਰ ਸ੍ਰੀ ਦੁਰਗਾ ਸ਼ਕਤੀ ਮੰਦਿਰ ਵਿਖੇ ਮਨਾਇਆ ਗਿਆ ਜਿਸ ਦੌਰਾਨ 5 ਪਰਿਵਾਰਾਂ ਵੱਲੋਂ ਪੂਜਾ ਵਿੱਚ ਭਾਗ ਲਿਆ ਗਿਆ ਤੇ ਮਾਤਾ ਨੂੰ ਕੜਾਹੀ ਦਾ ਭੋਗ ਲਗਾਉਣ ਦੀ ਸੇਵਾ ਕੀਤੀ, ਇਸ ਮੌਕੇ ਸੰਸਥਾ ਵੱਲੋਂ ਮੰਦਿਰ ਦੇ ਪੁਜਾਰੀ ਪੰਡਿਤ ਮਨੋਜ਼ ਸ਼ਰਮਾ ਪੂਜਾ ਵਿੱਚ ਭਾਗ ਲੈਣ ਵਾਲੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸੇਵਾਦਾਰਾਂ ਤੋਂ ਇਲਾਵਾ ਸ਼ਰਧਾਲੂ ਵੀ ਹਾਜ਼ਰ ਸਨ।

# ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਇੱਕ ਹੋਰ ਬੱਚੇ ਲਈ ਬਣਿਆ ਵਰਦਾਨ

## ਸੀ.ਐੱਚ.ਸੀ.ਮਾਛੀਵਾੜਾ ਵੱਲੋਂ ਸਕੂਲ ਹੈਲਥ ਸਕੀਮ ਅਧੀਨ ਬੱਚੇ ਦੇ ਦਿਲ ਦਾ ਮੁਫਤ ਅਪਰੇਸ਼ਨ ਕਰਵਾਇਆ ਗਿਆ



**ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਸਰਕਾਰ ਵਲੋਂ ਚਲਾਏ ਜਾ ਰਹੇ ਸਕੂਲ ਹੈਲਥ ਪ੍ਰੋਗਰਾਮ ਅਤੇ ਸਿਵਲ ਸਰਜਨ ਲੁਧਿਆਣਾ ਡਾ.ਪਰਦੀਪ ਕੁਮਾਰ ਦੀ ਰਹਿਨੁਮਾਈ ਹੇਠ ਸੀ.ਐੱਚ.ਸੀ.ਮਾਛੀਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ.ਜਸਦੇਵ ਸਿੰਘ ਦੇ ਅਧੀਨ ਰਾਸਟਰੀ ਬਾਲ ਸਵਾਸਥ ਕਾਰਿਆਕਰਮ (ਆਰ.ਬੀ.ਐੱਸ.ਕੇ) ਸੀ.ਐੱਚ.ਸੀ.ਮਾਛੀਵਾੜਾ ਦੀ ਸਕੂਲ ਹੈਲਥ ਟੀਮ ਵਲੋਂ ਸਰਕਾਰੀ ਸਕੂਲਾਂ ਅਤੇ ਆਗਨਵਾੜੀ ਸੈਂਟਰਾਂ ਵਿੱਚ ਜਾ ਕੇ ਬੱਚਿਆਂ ਦੀ ਸਿਹਤ ਦਾ ਚੈੱਕ ਅੱਪ ਕੀਤਾ ਜਾਦਾ ਹੈ ।ਇਸ ਚੈੱਕ-ਅਪ ਦੌਰਾਨ ਆਂਗਨਵਾੜੀ ਸੈਂਟਰ ਊਰਨਾ ਵਿੱਚ ਦਾਖਲ ਬੱਚੇ ਜਿਸਦੀ ਉਮਰ ਲਗਭਗ 6 ਸਾਲ ਹੈ ਜੋ ਕਿ ਦਿਲ ਦੀ ਬਿਮਾਰੀ ਨਾਲ ਗ੍ਰਸਤ ਪਾਇਆ ਗਿਆ ਸੀ ਅਤੇ ਉਸ ਦਾ ਮੁਫਤ ਦਿਲ ਦਾ ਅਪਰੇਸ਼ਨ ਪੀ.ਜੀ.ਆਈ ਹਸਪਤਾਲ ਚੰਡੀਗੜ੍ਹ ਵਿੱਚ ਕਰਵਾਇਆ ਗਿਆ ਹੈ,ਜਿਸਦਾ ਪ੍ਰਾਈਵੇਟ ਇਲਾਜ ਦਾ ਖਰਚਾ ਲਗਭਗ 4 ਤੋਂ 5 ਲੱਖ ਸੀ ਪਰ ਸੀ.ਐੱਚ.ਸੀ. ਮਾਛੀਵਾੜਾ ਦੀ ਸਕੂਲ ਹੈਲਥ ਦੀ ਟੀਮ ਵਲੋਂ ਇਹ ਇਲਾਜ ਬਿਲਕੁਲ ਫਰੀ ਕਰਵਾਇਆ ਗਿਆ ਹੈ। ਸਕੂਲ ਹੈਲਥ ਟੀਮ ਦੇ ਇੰਨਚਾਰਜ ਡਾ. ਸਤਵਿੰਦਰ ਕੋਰ ਅਤੇ ਡਾ.ਰਸਪਾਲ ਸਿੰਘ ਏ.ਐੱਮ.ਓ ਦੇ ਦੱਸਣ ਮੁਤਾਬਕ ਬੱਚਾ ਬਿਲਕੁਲ ਤੰਦਰੁਸਤ ਹੈ, ਤੇ ਕੁਝ ਹੋਰ ਵੀ ਬੱਚੇ ਹਨ ਜਿਹੜੇ ਕਿ ਅਜੇ ਇਲਾਜ ਅਧੀਨ ਹਨ । ਬੱਚੇ ਦੇ ਪਰਿਵਾਰਕ ਮੈਂਬਰਾਂ ਨੇ ਸੀ. ਐੱਚ. ਸੀ.ਮਾਛੀਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ.ਜਸਦੇਵ ਸਿੰਘ ਦਾ ਅਤੇ ਸਕੂਲ ਹੈਲਥ ਟੀਮ ਦੇ ਇੰਚਾਰਜ਼ ਡਾ.ਸਤਵਿੰਦਰ ਕੌਰ ਅਤੇ ਡਾ.ਰਸਪਾਲ ਸਿੰਘ ਏ.ਐੱਮ.ਓ. ਦਾ ਬਹੁਤ ਬਹੁਤ ਧੰਨਵਾਦ ਕੀਤਾ।

# ਹੇਮਕੁੰਟ ਸਕੂਲ ਵਿਖੇ ਗਰੈਂਡ ਪੇਰੈਂਟਸ ਡੇਅ ਮੌਕੇ ਬੱਚਿਆਂ ਨੂੰ ਬਜ਼ੁਰਗਾਂ ਦੀ ਜੀਵਨ ਵਿੱਚ ਅਹਿਮੀਅਤ ਬਾਰੇ ਕਰਵਾਇਆ ਜਾਣੂ

## ਬਜ਼ੁਰਗਾਂ ਦੇ ਤਜਰਬੇ ਤੋਂ ਸਾਨੂੰ ਸਦਾ ਹੀ ਕੁੱਝ ਨਾ ਕੁੱਝ ਸਿੱਖਦੇ ਰਹਿਣਾ ਚਾਹੀਦਾ ਹੈ- ਪ੍ਰਿੰਸੀਪਲ



**ਕੋਟ ਈਸੇ ਖਾ,12 ਸਤੰਬਰ (ਅਰੋੜਾ)** ਇਲਾਕੇ ਦੀ ਹੋਣਹਾਰ ਅਤੇ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀ. ਸੈਕੰ.ਸਕੂਲ ਜਿੱਥੇ ਪੜ੍ਹਾਈ ਦੇ ਨਾਲ ਨਾਲ ਸਮੇਂ ਸਮੇਂ ਸਿਰ ਅਨੇਕਾਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਦੇ ਚੱਲਦੇ ਹੀ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਦੀ ਯੋਗ ਅਗਵਾਈ ਅਧੀਨ ਗਰੈਂਡ ਪੇਰੈਂਟਸ ਡੇਅ ਮਨਾਇਆ ਗਿਆ ।ਇਸ ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆ ਵੱਲੋਂ ਸ਼ਬਦ ਗਾਇਨ ਕਰਕੇ ਕੀਤੀ ਗਈ। ਛੋਟੇ-ਛੋਟੇ ਬੱਚਿਆਂ ਨੇ ਆਪਣੀਆਂ ਕਲਕਾਰੀਆਂ ਨਾਲ ਸਭ ਦਾ ਮਨ ਮੋਹ ਲਿਆ। ਇਸ ਸਮੇਂ ਦਾਦਾ-ਦਾਦੀ ਜੀ ਦੀਆਂ ਬੱਚਿਆ ਨਾਲ ਖੇਡਾਂ ਵੀ ਕਰਵਾਈਆਂ ਗਈਆਂ। ਇਸ ਸਮੇਂ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆਂ ਕਿ ਜਿਵੇਂ ਮਦਰਜ਼ ਡੇਅ, ਫਾਦਰਜ਼ ਡੇਅ, ਸਿਸਟਰ ਡੇਅ,ਬ੍ਰਦਰਜ਼ ਡੇਅ ਆਦਿ ਮਨਾਏ ਜਾਂਦੇ ਹਨ ਉਸੇ ਤਰ੍ਹਾਂ ਹੀ ਗਰੈਂਡ ਪੇਰੈਂਟਸ ਡੇਅ ਨੂੰ ਹੋਰ ਖਾਸ ਬਣਾਉਣ ਲਈ ਇਹ ਦਿਨ ਮਨਾਇਆ ਜਾਂਦਾ ਹੈ ਅਤੇ ਦੱਸਿਆ ਕਿ ਬਜ਼ੁਰਗਾਂ ਦੀ ਸਾਡੇ ਜੀਵਨ ਵਿੱਚ ਕੀ ਅਹਿਮੀਅਤ ਹੈ। ਦਾਦਾ-ਦਾਦੀ ਜੀ ਦੇ ਨਾਲ ਰਹਿਣਾ ਉਨ੍ਹਾਂ ਦੇ ਆਸ-ਪਾਸ ਰਹਿਣਾ ਆਪਣੇ-ਆਪ ਵਿੱਚ ਇੱਕ ਮਜ਼ੇਦਾਰ ਅਹਿਸਾਸ ਹੈ ਨਾ ਕਿ ਇਹ ਇੱਕਲਾ ਗਿਆਨ ਦਿੰਦੇ ਹਨ ਸਗੋਂ ਸਾਡੇ ਜੀਵਨ ਵਿੱਚ ਖੁਸ਼ੀਆਂ ਵੀ ਭਰ ਦਿੰਦੇ ਹਨ। ਇਸ ਸਮੇਂ ਬਜ਼ੁਰਗਾਂ ਨੇ ਵੀ ਆਪਣੇ ਬਤੀਤ ਕੀਤੇ ਜੀਵਨ ਦੇ ਤਜ਼ਰਬੇ ਸਾਂਝੇ ਕੀਤੇ ਅਤੇ ਮਨੈਜਮੈਂਟ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਨੂੰ ਬਹੁਤ ਖੁਸ਼ੀ ਹੋਈ ਜੋ ਸਕੂਲ ਨੇ ਇੱਕਠੇ ਬੁਲਾ ਕੇ ਮਾਨ-ਸਨਮਾਨ ਦਿੱਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਾਨੂੰ ਆਪਣਾ ਸਮਾਂ ਦਾਦਾ-ਦਾਦੀ ਨਾਲ ਬਿਤਾਉਣਾ ਚਾਹੀਦਾ ਹੈ ਦਾਦਾ-ਦਾਦੀ ਜੀ ਸਾਡੀ ਜ਼ਿੰਦਗੀ ਵਿੱਚ ਅਨਮੋਲ ਹਨ ਜਿੰਨਾਂ ਤੋਂ ਸਾਨੂੰ ਕਾਫੀ-ਕੁਝ ਸਿੱਖਣ ਲਈ ਮਿਲਦਾ ਹੈ ਅਤੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ।

# ਡੀਜ਼ਲ ਪੈਟਰੋਲ ਅਤੇ ਬਿਜਲੀ ਦੇ ਰੇਟ ਵਧਾ ਕੇ ਆਪ ਸਰਕਾਰ ਨੇ ਪੰਜਾਬ ਦੇ ਗਰੀਬ ਲੋਕਾਂ ਦੀ ਸੰਘੀ ਘੁੱਟੀ- ਸਹਿਜੜਾ

**ਮਹਿਲ ਕਲਾਂ 12 ਸਤਬੰਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**: ਬਦਲਾਅ ਰੰਗੀਨ ਸੁਪਨੇ ਅਤੇ ਸਬਜਬਾਜ ਦਿਖਾ ਕੇ ਸੱਤਾ ਤੇ ਕਾਬਜ ਹੋਈ ਆਮ ਆਦਮੀ ਪਾਰਟੀ ਵੱਲੋਂ ਭ੍ਰਿਸ਼ਟਾਚਾਰ, ਰੇਤ ਬਜਰੀ ਦੀ ਨਜਾਇਜ਼ ਮਾਈਨਿੰਗ, ਕਾਲਾ ਬਜ਼ਾਰੀ, ਬੰਦ ਕਰਾ ਕੇ ਪਹਾੜਾਂ ਦੀਆਂ ਕੁੰਦਰਾਂ ਚੋਂ ਮਾਇਆ ਕੱਢ ਕੇ ਪੰਜਾਬ ਦਾ ਖਜ਼ਾਨਾ ਭਰਨ ਦੇ ਦਾਅਵੇ ਕਰਨ ਵਾਲੀ ਆਮ ਪਾਰਟੀ ਵੱਲੋਂ ਪੈਟਰੋਲ ਡੀਜ਼ਲ



ਤੇ ਸੈਸ ਅਤੇ ਬਿਜਲੀ ਤੇ ਤਿੰਨ ਰੁਪਏ ਯੂਨਿਟ ਵਾਧਾ ਕਰਕੇ ਪੰਜਾਬ ਦੇ ਗਰੀਬ ਬੇਰੁਜ਼ਗਾਰ ਲੋਕਾਂ ਦੀ ਸੰਘੀ ਘੁੱਟ ਦਿੱਤੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਿਲਾ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਸੀਰਾ ਧਾਲੀਵਾਲ ਸਹਿਜੜਾ ਨੇ ਸਾਡੇ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਰਪੋਰੇਟ ਧਨਾਡਾਂ ਦੇ ਹਿੱਤ ਪੂਰਨ ਲਈ ਪੰਜਾਬ ਸਰਕਾਰ ਨੇ ਨਾਦਰਸ਼ਾਹੀ ਹੁਕਮ ਕਰਕੇ ਕਾਰਪੋਰੇਟ ਪੱਖੀ ਹੋਣ ਦਾ ਸਬੂਤ ਦਿੱਤਾ ਹੈ ਉਹਨਾਂ ਕਿਹਾ ਕਿ ਸੱਤਾ ਚ ਆਉਣ ਤੋਂ ਬਾਅਦ ਸਰਕਾਰ ਵੱਲੋਂ 70 ਹਜਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਦੇ ਬਾਵਜੂਦ ਪੰਜਾਬ ਦੀ ਵਿੱਤੀ ਹਾਲਤ ਦਾ ਜਨਾਜਾ ਕੱਢ ਦਿੱਤਾ ਹੈ ਉਨਾਂ ਸਰਕਾਰ ਦੇ ਇਸ ਨਾਦਰ ਸ਼ਾਹੀ ਫੈਸਲੇ ਦੀ ਸਖਤ ਨਿੰਦਿਆ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਤੇ ।ਲਾਇਆ ਗਿਆ ਇਹ ਜਜੀਆ ਟੈਕਸ ਹਟਾਇਆ ਜਾਣਾ ਚਾਹੀਦਾ।

# ਸ੍ਰੀ ਰਾਹੁਲ ਗਾਂਧੀ ਦਾ ਅਮਰੀਕਾ ਵਿੱਚ ਭਾਰਤੀ ਸਿੱਖਾਂ ਬਾਰੇ ਦਿੱਤਾ ਗਿਆ ਬਿਆਨ ਦੇਸ਼ ਦੀ ਏਕਤਾ ਤੇ ਅਖੰਡਤਾ ਤੇ ਹਮਲਾ- ਐਡਵੋਕੇਟ ਰਾਜਿੰਦਰ ਪਾਲ ਆਨੰਦ

**ਦੋਰਾਹਾ, 12 ਸਤੰਬਰ (ਅਮਰੀਸ਼ ਆਨੰਦ)** ਰਾਜਿੰਦਰ ਪਾਲ ਆਨੰਦ ਐਡਵੋਕੇਟ ,ਕੌਮੀ ਸੀਨੀਅਰ ਮੀਤ ਪ੍ਰਧਾਨ ਆਲ ਇੰਡੀਆ ਐਂਟੀ ਟੈਰੋਰਿਸਟ ਐਂਟੀ ਕ੍ਰਾਈਮ ਫਰੰਟ ਨੇ ਇੱਕ ਬਿਆਨ ਜਾਰੀ ਕਰਦਿਆਂ ਹੋਇਆ ਕਿਹਾ ਕਿ ਕੁਝ ਦਿਨ ਪਹਿਲਾਂ ਸ੍ਰੀ ਰਾਹੁਲ ਗਾਂਧੀ ਵੱਲੋਂ ਅਮਰੀਕਾ ਵਿੱਚ ਇਹ ਬਿਆਨ ਦਿੱਤਾ ਗਿਆ ਹੈ ਕਿ ਭਾਰਤ ਵਿੱਚ ਸਿੱਖ ਪਗੜੀ ਨਹੀਂ ਪਹਿਨ ਸਕਦੇ, ਆਪਣੇ ਹੱਥ ਵਿੱਚ ਕੜਾ ਨਹੀਂ ਪਹਿਣ ਸਕਦੇ ਅਤੇ ਉਹਨਾਂ



ਨੂੰ ਗੁਰਦੁਆਰਿਆਂ ਵਿੱਚ ਵੀ ਜਾਣ ਤੋਂ ਰੋਕਿਆ ਜਾ ਰਿਹਾ ਹੈ। ਜਦੋਂ ਕਿ ਇਹ ਠੀਕ ਨਹੀਂ ਹੈ ।ਆਪਣੇ ਇਸ ਬਿਆਨ ਨਾਲ ਸ੍ਰੀ ਰਾਹੁਲ ਗਾਂਧੀ ਨੇ ਇੰਟਰਨੈਸ਼ਨਲ ਲੈਵਲ ਤੇ ਆਪਣੇ ਵੱਲੋਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ। ਇਹੋ ਗੱਲ ਹੀ ਖਾਲਿਸਤਾਨੀ ਇੰਟਰਨੈਸ਼ਨਲ ਅੱਤਵਾਦੀ ,ਗੁਰਪਤਵੰਤ ਸਿੰਘ ਪੰਨੂ ਵੀ ਪ੍ਰਚਾਰ ਰਿਹਾ ਹੈ। ਸ੍ਰੀ ਰਾਹੁਲ ਗਾਂਧੀ ਦੇ ਇਸ ਬਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਅਤੇ ਰਾਹੁਲ ਗਾਂਧੀ ਦੀ ਸੋਚ ਵਿੱਚ ਕੋਈ ਫਰਕ ਨਹੀਂ ਹੈ । ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਵੀ ਸਾਡੇ ਭੋਲੇ ਭਾਲੇ ਸਿੱਖਾਂ ਨੂੰ ਭੜਕਾਉਂਦਾ ਰਹਿੰਦਾ ਹੈ ਅਤੇ ਸਾਡੇ ਮੁੰਡਿਆਂ ਨੂੰ ਹਨੀ ਟਰੈਪ ਵਿੱਚ ਫਸਾ ਕੇ ਉਨਾਂ ਤੋਂ ਪੁੱਠੇ ਸਿੱਧੇ ਗੈਰ ਕਾਨੂੰਨੀ ਕੰਮ ਕਰਾਉਂਦਾ ਰਹਿੰਦਾ ਹੈ ।ਰਾਹੁਲ ਗਾਂਧੀ ਦੇ ਇਸ ਬਿਆਨ ਨੇ ਖ਼ਾਲਿਸਤਾਨੀਆਂ ਦੀ ਖਾਲਿਸਤਾਨ ਬਣਾਉਣ ਲਈ ਸੋਚ ਨੂੰ ਹੋਰ ਤਕੜਾ ਕੀਤਾ ਹੈ । ਸ੍ਰੀ ਰਾਹੁਲ ਗਾਂਧੀ ਪਾਰਲੀਮੈਂਟ ਵਿੱਚ ਅਪੋਜੀਸ਼ਨ ਦੇ ਲੀਡਰ ਹਨ ਤੇ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਹੋਣ ਦੇ ਨਾਲ ਨਾਲ ਇੱਕ ਜੁੰਮੇਵਾਰ ਭਾਰਤੀ ਨਾਗਰਿਕ ਵੀ ਹਨ ,ਜਿਨਾਂ ਦੀ ਸ਼ਖਸ਼ੀਅਤ ਨੂੰ ਅਜਿਹਾ ਬਿਆਨ ਦੇ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਪਹੁੰਚਾਉਣਾ ਸੋਭਦਾ ਨਹੀਂ ਹੈ। ਸ੍ਰੀ ਗਾਂਧੀ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕਾਂਗਰਸ ਦੇ ਰਾਜ ਵਿੱਚ 1984 ਦੇ ਦੌਰਾਨ ਸਿੱਖਾਂ ਨਾਲ ਕਾਂਗਰਸ ਦੇ ਲੀਡਰਾਂ ਨੇ ਕਿੰਨਾ ਜ਼ੁਲਮ ਅਤੇ ਕਿੰਨੀਆਂ ਜ਼ਿਆਦਤੀਆਂ ਕੀਤੀਆਂ ਸਨ ।ਸ੍ਰੀ ਰਾਹੁਲ ਗਾਂਧੀ ਨੂੰ ਖਾਲਿਸਤਾਨ ਨੂੰ ਪ੍ਰਮੋਟ ਕਰਨ ਵਾਲੇ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਅਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਲ ਇੰਡੀਆ ਐਂਟੀ ਟੈਰੋਰਿਸਟ ਐਂਟੀ ਕ੍ਰਾਈਮ ਫਰੰਟ ਸ਼੍ਰੀ ਰਾਹੁਲ ਗਾਂਧੀ ਦੇ ਭਾਰਤੀ ਸਿੱਖਾਂ ਪ੍ਰਤੀ ਅਮਰੀਕਾ ਵਿੱਚ ਦਿੱਤੇ ਗਏ ਇਸ ਬਿਆਨ ਦੀ ਪੁਰਜੋਰ ਨਿੰਦਾ ਅਤੇ ਨਿਖੇਦੀ ਕਰਦਾ ਹੈ।

# ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਦੇ ਅਧਿਆਪਕਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਸਰਵੋਤਮ ਅਧਿਆਪਕ ਪੁਰਸਕਾਰ ਨਾਲ ਕੀਤਾ ਗਿਆ ਸਨਮਾਨਿਤ



**ਕੋਟਕਪੂਰਾ, 12 ਸਤੰਬਰ (ਟਿੰਕੂ ਕੁਮਾਰ)** :- ਗੁਰੂਕੁਲ ਸਕੂਲ ਸਿੱਖਿਆ ਦੇ ਖੇਤਰ ਵਿੱਚ ਆਪਣੀ ਪ੍ਰਤਿਬੱਧਤਾ ਦਾ ਅਹਿਸਾਸ ਕਰਵਾਉਣ ਵਿੱਚ ਮੁੱਲ ਭਰਪੂਰ ਯੋਗਦਾਨ ਪਾ ਰਿਹਾ ਹੈ। ਇਹ ਦੱਸਦੇ ਹੋਏ ਅਸੀਂ ਬਹੁਤ ਮਾਣ ਮਹਿਸੂਸ ਕਰਦੇ ਹਾਂ ਕਿ ਸਾਡੇ ਸਕੂਲ ਦੇ ਦਸ ਅਧਿਆਪਕਾਂ ਨੂੰ ਇਸ ਸਾਲ ਦੇ 'ਸਰਵੋਤਮ ਅਧਿਆਪਕ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸੂਚੀ ਵਿੱਚ ਨਾਮ ਦਰਜ ਕਰਵਾਉਣ ਵਾਲੇ ਅਧਿਆਪਕਾਂ ਵਿੱਚੋਂ ਮੈਡਮ ਅਮਨਦੀਪ ਕੌਰ, ਜਗਮੀਤ ਕੌਰ, ਸੁਖਦੀਪ ਕੌਰ, ਨੈਨਸੀ ਸ਼ਰਮਾ, ਨਸੀਮ ਬਾਨੋ ਅਤੇ ਸ਼੍ਰੀਮਾਨ ਅਮਨਦੀਪ ਸਿੰਘ ਨੂੰ ਸੀ. ਟੀ ਯੂਨੀਵਰਸਿਟੀ ਲੁਧਿਆਣਾ ਦੇ ਚਾਂਸਲਰ ਸ਼੍ਰੀਮਾਨ ਚਰਨਜੀਤ ਸਿੰਘ ਚੰਨੀ, ਅਤੇ ਵਾਈਸ ਚਾਂਸਲਰ ਸ਼੍ਰੀਮਾਨ ਅਭਿਸ਼ੇਕ ਤ੍ਰਿਪਾਠੀ ਜੀ ਦੁਆਰ ਬੈਸਟ ਟੀਚਰ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਨਾਲ ਹੀ ਨਾਲ ਮੈਡਮ ਜਸਪ੍ਰੀਤ ਕੌਰ, ਰਮਨਦੀਪ ਕੌਰ ਅਤੇ ਸ਼੍ਰੀਮਾਨ ਰਿਸ਼ਭ ਪਟੇਲ ਨੂੰ ਐਡੂਫ਼ੀਡ ਫਾਊਂਡੇਸ਼ਨ ਦੁਆਰਾ ਸਰਵੋਤਮ ਅਧਿਆਪਕ ਹੋਣ ਦਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਸਿਰਫ ਸਾਡੇ ਅਧਿਆਪਕਾਂ ਦੀ ਮਿਹਨਤ ਦਾ ਪ੍ਰਤੀਕ ਨਹੀਂ, ਸਗੋਂ ਸਾਰੇ ਵਿਦਿਆਰਥੀਆਂ ਲਈ ਇੱਕ ਪ੍ਰੇਰਣਾ ਸੰਦੇਸ਼ ਵੀ ਹਨ। ਇਹ ਪੁਰਸਕਾਰ ਸਕੂਲ ਵਿੱਚ ਉੱਚ ਕਦਰ ਦੇ ਅਕਾਦਮਿਕ ਮਿਆਰ ਅਤੇ ਵਿਦਿਆਰਥੀਆਂ ਦੀ ਸਫਲਤਾ ਵੱਲ ਸਾਡੇ ਦ੍ਰਿੜ ਸੰਕਲਪ ਦਾ ਸੱਚਾ ਪ੍ਰਤੀਕ ਹਨ। ਪੁਰਸਕਾਰ ਹਾਸਿਲ ਕਰਨ ਵਾਲੇ ਅਧਿਆਪਕਾਂ ਨੇ ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਯੋਗਦਾਨ ਪਾਇਆ ਹੈ। ਉਹਨਾਂ ਦੀ ਲਗਨ, ਨਵੀਨਤਾ, ਅਤੇ ਸਮਰਪਣ ਦੇ ਕਾਰਨ, ਸਕੂਲ ਦਾ ਨਾਮ ਰੌਸ਼ਨ ਹੋਇਆ ਹੈ ।ਵਿਦਿਆਰਥੀ ਜੀਵਨ ਵਿੱਚ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਨਵੇਂ ਰਾਹਾਂ ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ ਅਤੇ ਉਹਨਾਂ ਨੂੰ ਸਫਲਤਾ ਦੀ ਮੰਜਿਲ ਤੱਕ ਪਹੁੰਚਾਉਣ ਵਿੱਚ ਸਹਾਇਕ ਸਾਬਿਤ ਹੋ ਰਹੇ ਹਨ। ਇਸ ਪ੍ਰਾਪਤੀ ਲਈ ਸਾਰੇ ਅਧਿਆਪਕਾਂ ਨੂੰ ਸਕੂਲ ਮੁਖੀ ਡਾਇਰੈਕਟਰ ਪ੍ਰਿੰਸੀਪਲ ਸ਼੍ਰੀ ਧਵਨ ਕੁਮਾਰ ਵੱਲੋਂ ਜਿੱਥੇ ਹਾਰਦਿਕ ਵਧਾਈਆਂ ਦਿੱਤੀਆਂ ਉੱਥੇ ਹੀ ਭਵਿੱਖ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਸਮੂਹ ਅਧਿਆਪਕ ਵਰਗ ਤੋਂ ਉਮੀਦ ਕਰਦੇ ਹਨ ਕਿ ਉਹ ਅਜਿਹੀ ਮਿਹਨਤ ਨਾਲ ਅੱਗੇ ਵੀ ਸਿੱਖਿਆ ਦੀ ਦੁਨੀਆ ਵਿੱਚ ਸਫਲਤਾ ਦੇ ਨਵੇਂ ਰਾਹ ਸਥਾਪਤ ਕਰਨਗੇ।

# ਖੇਡਾਂ ਵਤਨ ਪੰਜਾਬ ਦੀਆਂ ਵਿੱਚ ਮਾਤਾ ਹਰਦੇਈ ਸਕੂਲ ਦੀਆਂ ਵਿਦਿਆਰਥਣਾਂ ਨੇ ਕੀਤਾ ਸਕੂਲ ਦਾ ਨਾਮ ਰੌਸ਼ਨ



**ਮਾਛੀਵਾੜਾ ਸਾਹਿਬ 12 ਸਤੰਬਰ (ਮਾਸਟਰ ਸਤੀਸ਼ ਕੁਮਾਰ)** ਖੇਡਾਂ ਵਤਨ ਪੰਜਾਬ ਦੀਆਂ (ਸੀਜ਼ਨ-3) 2024, ਖੇਡਾਂ ਦਾ ਆਗਾਜ਼ ਪੰਜਾਬ ਸਰਕਾਰ ਵਲੋਂ 7 ਸਤੰਬਰ ਦਿਨ ਸ਼ਨੀਵਾਰ ਨੂੰ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਬੜੀ ਧੂਮ ਧਾਮ ਨਾਲ ਸ਼ੁਰੂ ਕੀਤਾ ਗਿਆ। ਜਿਸ ਵਿੱਚ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀ. ਸੈਕੰ. ਸਕੂਲ ਮਾਛੀਵਾੜਾ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਪੂਰਵਕ ਭਾਗ ਲਿਆ। ਐਥਲੈਟਿਕ, ਕਬੱਡੀ, ਬਾਲੀਵਾਲ ਅਤੇ ਖੋ-ਖੋ ਆਦਿ ਖੇਡਾਂ ਵਿੱਚ ਸਕੂਲ ਦੇ 60 ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿਚ ਵਿਦਿਆਰਥੀਆਂ ਨੇ ਵਿਸ਼ੇਸ ਮੱਲਾਂ ਮਾਰੀਆਂ। ਅੰਡਰ 14 ਖੋ-ਖੋ ਵਿੱਚ ਦੂਜਾ ਸਥਾਨ, ਲੰਬੀ ਛਾਲ ਵਿੱਚ ਹਰਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 17 ਖੋ-ਖੋ ਵਿੱਚ ਦੂਜਾ ਸਥਾਨ, ਐਥਲੈਟਿਕ ਮੁਕਾਬਲਿਆਂ ਵਿੱਚ 100 ਮੀਟਰ ਰੇਸ ਅਤੇ 1500 ਮੀਟਰ ਰੇਸ ਵਿੱਚ ਰਮਨਜੀਤ ਕੌਰ ਨੇ ਤੀਜਾ ਸਥਾਨ, 200 ਮੀਟਰ ਰੇਸ ਵਿੱਚ ਪਰਮਜੋਤ ਕੌਰ ਨੇ ਪਹਿਲਾ ਸਥਾਨ ਅਤੇ ਨਵਕਿਰਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਲੰਬੀ ਛਾਲ ਵਿੱਚ ਹਰਸਿਮਰਨ ਕੌਰ ਨੇ ਪਹਿਲਾ ਅਤੇ ਜੈਸਮੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 800 ਮੀਟਰ ਰੇਸ ਵਿੱਚ ਜੈਸਮੀਨ ਕੌਰ ਨੇ ਦੂਜਾ ਸਥਾਨ ਅਤੇ ਸੁਮਨਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 3000 ਮੀਟਰ ਰੇਸ ਵਿੱਚ ਹਰਸਿਮਰਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 21 ਵਿੱਚ ਕਬੱਡੀ ਨੈਸ਼ਨਲ ਸਟਾਈਲ ਵਿੱਚ ਪਹਿਲਾ ਸਥਾਨ, ਸੌਟ ਪੁੱਟ ਵਿੱਚ ਪ੍ਰਾਚੀ ਰਾਣਾ ਨੇ ਦੂਜਾ ਸਥਾਨ, ਸਮੀਨਾ ਨੇ ਲੰਬੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਅੰਡਰ 30 ਵਿੱਚ ਹੇਮਰਾਜ ਨੇ 200 ਮੀਟਰ ਅਤੇ ਲੰਬੀ ਛਾਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ।ਇਹਨਾਂ ਖੇਡਾਂ ਦੇ ਖੇਤਰ ਵਿੱਚ ਜ਼ਿਕਰ ਯੋਗ ਪ੍ਰਾਪਤੀਆਂ ਲਈ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ ਅਤੇ ਸਕੱਤਰ ਗੁਰਨਾਮ ਸਿੰਘ ਨਾਗਰਾ ਵਲੋਂ ਜੇਤੂ ਖਿਡਾਰਨਾਂ, ਸਕੂਲ ਦੇ ਪ੍ਰਿੰਸੀਪਲ, ਖੇਡ ਅਧਿਆਪਕ ਸੰਤੋਸ਼ ਗੁਪਤਾ ਅਤੇ ਸਮੂਹ ਸਟਾਫ਼ ਨੂੰ ਮੁਬਾਰਕਬਾਦ ਦਿੱਤੀ ਗਈ।

# ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਦੇ ਖਿਡਾਰੀ ਰਹੇ ਜੇਤੂ



**ਬਰਨਾਲਾ 12 ਸਤੰਬਰ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਵਿੱਦਿਅਕ ਸੰਸਥਾ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ 67 ਵੀਂ ਪੰਜਾਬ ਰਾਜ ਜਿਲ੍ਹਾ ਪੱਧਰ ਖੇਡਾਂ ਦੇ ਦੌਰਾਨ ਬੈਡਮਿੰਟਨ ਦੇ ਅੰਡਰ 14,17,19 ਲੜਕੇ ਤੇ ਲੜਕੀਆਂ ਦੇ ਮੁਕਾਬਲੇ ਐਸ ਡੀ ਕਾਲਜ ਬਰਨਾਲਾ ਵਿਖੇ ਹੋਏ। ਜਿਸ ਚ ਵੱਖ - ਵੱਖ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਅੰਡਰ 17 ਲੜਕੀਆਂ ਦੀਆਂ ਟੀਮਾਂ ਚ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਦੇ ਬੱਚਿਆਂ ਨੇ ਚੰਗੀ ਖੇਡ ਦਾ ਪ੍ਰਦਸ਼ਨ ਕਰਕੇ ਸ਼ਾਨਦਾਰ ਜਿੱਤ ਹਾਸਿਲ ਕਰਕੇ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ। ਸਕੂਲ ਵਲੋਂ ਮੁਕਾਬਲੇ ਚ ਦਿਲਪ੍ਰੀਤ ਕੌਰ ਤੇ ਕਵਿਤਾ ਨੇ ਇਸ ਬੈਡਮਿੰਟਨ ਮੁਕਾਬਲੇ ਚ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਦੀਪ ਕੁਮਾਰ ਲੱਠ ਤੇ ਵਾਈਸ ਪ੍ਰਿੰਸੀਪਲ ਮੈਡਮ ਸੁਮਨ ਨੇ ਬੱਚਿਆਂ ਦਾ ਸਵਾਗਤ ਕੀਤਾ ਤੇ ਉਹਨਾਂ ਦੀ ਸ਼ਾਨਦਾਰ ਜਿੱਤ ਤੇ ਵਧਾਈ ਦਿੱਤੀ ਨਾਲ ਹੀ ਭਵਿੱਖ 'ਚ ਹੋਰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਉਨ੍ਹਾਂ ਕਿਹਾ ਕਿ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਦਾ ਸਪੋਰਟਸ ਵੱਲ ਬਹੁਤ ਧਿਆਨ ਹੈ। ਜਿਸ ਕਰਕੇ ਇਹ ਸਕੂਲ ਬੱਚਿਆਂ ਨੂੰ ਵੱਖ ਵੱਖ ਸਪੋਰਟਸ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿਲਪ੍ਰੀਤ ਕੌਰ ਦੀ ਇਸ ਚੰਗੀ ਖੇਡ ਨੂੰ ਦੇਖਦੇ ਹੋਏ ਸਟੇਟ ਲਈ ਚੋਣ ਹੋਈ ਹੈ ਤੇ ਸਾਨੂੰ ਪੂਰਾ ਯਕੀਨ ਹੈ ਇਹ ਖਿਡਾਰਨ ਸੂਬੇ 'ਚ ਵੀ ਆਪਣਾ ਨਾਮ ਚਮਕਾਵੇਗੀ। ਇਸ ਮੌਕੇ ਸੰਬੋਧਨ ਕਰਦੇ ਹੋਏ ਸਕੂਲ ਐੱਮ ਡੀ ਰਣਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਤਜਰਬੇਕਾਰ ਕੋਚ ਬੱਚਿਆਂ ਨੂੰ ਹਰ ਖੇਡ ਦੀ ਟ੍ਰੇਨਿਗ ਦਿੰਦੇ ਹਨ ਤੇ ਉਨ੍ਹਾਂ ਨੇ ਕੋਚ ਗੁਰਵਿੰਦਰ ਸਿੰਘ, ਅਵਤਾਰ ਸਿੰਘ, ਮਨਵੀਰ ਸਿੰਘ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੀ ਮਿਹਨਤ ਸਦਕਾ ਬੱਚੇ ਇਸ ਜਿੱਤ ਤੱਕ ਪਹੁੰਚੇ । ਅੰਤ ਚ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਨਿਰੰਤਰ ਪ੍ਰੈਕਟਿਸ ਦੇ ਨਾਲ ਅਪਣੇ ਲਕਸ਼ ਨੂੰ ਪ੍ਰਾਪਤ ਕਰਕੇ ਅਪਣੇ ਸਕੂਲ ਤੇ ਅਪਣੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰਨ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਟਰੱਸਟੀ ਮੈਂਬਰ, ਸਕੂਲ ਐੱਮਡੀ ਰਣਪ੍ਰੀਤ ਸਿੰਘ ਰਾਏ, ਵਾਇਸ ਪ੍ਰਿੰਸੀਪਲ ਮੈਡਮ ਸੁਮਨ ਤੇ ਸਟਾਫ ਹਾਜਰ ਸੀ।

# ਸਵੱਛਤਾ ਪਖਵਾੜਾ : ਕਹਾਣੀ - ਸ਼ਫ਼ਾਈ ਜ਼ਰੂਰੀ



ਇੱਕ ਵਾਰ ਦੀ ਗੱਲ ਹੈ। ਇੱਕ ਵਾਰ ਦੋ ਦੋਸਤ ਸਨ : ਰਾਮ ਅਤੇ ਰਾਜੂ । ਰਾਜੂ ਆਪਣੀ ਸਫ਼ਾਈ ਰੱਖਦਾ ਸੀ ਤੇ ਰਾਮ ਆਪਣੀ ਸਫ਼ਾਈ ਨਹੀਂ ਰੱਖਦਾ ਸੀ। ਇੱਕ ਦਿਨ ਰਾਮ ਬਿਮਾਰ ਹੋ ਗਿਆ। ਫਿਰ ਉਹ ਡਾਕਟਰ ਕੋਲ ਗਿਆ। ਉਹ ਕਹਿਣ ਲੱਗਾ , ਡਾਕਟਰ ਜੀ, ਮੇਰੇ ਪੇਟ ਵਿੱਚ ਜ਼ੋਰ ਦੀ ਦਰਦ ਹੋ ਰਹੀ ਹੈ। ਡਾਕਟਰ ਨੇ ਉਸਨੂੰ ਪਹਿਲਾਂ ਦਵਾਈ ਦਿੱਤੀ ਅਤੇ ਫਿਰ ਕਿਹਾ, ਤੂੰ ਆਪਣੀ ਸਫ਼ਾਈ ਰੱਖਿਆ ਕਰ। ਰਾਮ ਨੇ ਡਾਕਟਰ ਦਾ ਕਹਿਣਾ ਮੰਨ ਲਿਆ। ਰਾਮ ਹੁਣ ਠੀਕ ਹੋ ਗਿਆ ਹੈ।

ਸਿੱਖਿਆ - ਸਾਨੂੰ ਆਪਣੀ ਸਾਫ- ਸਫਾਈ ਰੱਖਣੀ ਚਾਹੀਦੀ ਹੈ।



**ਹਰਸਾਹਿਬ ਸਿੰਘ , ਜਮਾਤ ਤੀਸਰੀ ,**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ**
**(ਰੂਪਨਗਰ) ਜਮਾਤ ਇੰਚਾਰਜ ਤੇ ਗਾਈਡ**
**ਅਧਿਆਪਕ ਮਾਸਟਰ ਸੰਜੀਵ ਧਰਮਾਣੀ**
**9478561356**

# ਸਿੱਖਿਆ ਵਿਭਾਗ ਵਿਦਿਆਰਥੀਆਂ ਦੇ ਵਿਕਾਸ ਲਈ ਯਤਨਸ਼ੀਲ : ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮਲਕਾ ਰਾਣੀ

**ਬਰਨਾਲਾ, 12 ਸਤੰਬਰ (ਮਾਲਵਾ ਬਾਣੀ)** ਜਿਲਾ ਸਿੱਖਿਆ ਅਫਸਰ ਸੈਕੰਡਰੀ ਬਰਨਾਲਾ ਮੈਡਮ ਮਲਕਾ ਰਾਣੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਮਿਹਨਤ ਸਫਲਤਾ ਦੀ ਸਭ ਤੋਂ ਵੱਡੀ ਕੁੰਜੀ ਹੈ। ਜੋ ਅਧਿਆਪਕ ਸਿੱਖਿਆ ਦੇ ਖੇਤਰ ਵਿੱਚ ਮਿਹਨਤ ਕਰ ਰਹੇ ਹਨ ਉਹ ਵਧਾਈ ਦੇ ਪਾਤਰ ਹਨ ਉਹਨਾਂ ਕਿਹਾ ਕਿ ਜ਼ਿਲਾ ਬਰਨਾਲਾ ਦੇ ਸਮੂਹ ਸਕੂਲਾਂ ਵਿੱਚ ਅਧਿਆਪਕ ਤਨਦੇਹੀ ਨਾਲ ਆਪਣਾ ਕਾਰਜ ਕਰ ਰਹੇ ਹਨ। ਸਮੇਂ- ਸਮੇਂ ਤੇ ਸਿੱਖਿਆ ਵਿਭਾਗ ਦੀਆਂ ਸਕੀਮਾਂ ਪ੍ਰਤੀ ਜਾਗਰੂਕਤਾ ਪੈਦਾ ਹੋ ਰਹੀ ਹੈ , ਜਿਲ੍ਹਾ ਬਰਨਾਲਾ ਵੱਲੋਂ ਨੈਸ਼ਨਲ ਤੇ ਰਾਜ ਪੱਧਰੀ ਪੁਰਸਕਾਰ ਪ੍ਰਾਪਤ ਕਰਨਾ ਮਾਣ ਵਾਲੀ ਗੱਲ ਹੈ । ਉਹਨਾਂ ਇਸ ਮੌਕੇ ਤੇ ਸਮਾਜਿਕ ਵਿਗਿਆਨ ਮਾਸਟਰ ਅਵਨੀਸ਼ ਕੁਮਾਰ ਨੂੰ ਵਧਾਈ ਦਿੱਤੀ ਅਤੇ ਹੋਰ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ • ਉਹਨਾਂ ਕਿਹਾ ਕਿ ਸਮੂਹ ਅਧਿਆਪਕ ਤਨਦੇਹੀ ਨਾਲ ਆਪਣਾ ਕਾਰਜ ਕਰਨ ਅਤੇ ਸਿੱਖਿਆ ਵਿਭਾਗ ਦੀਆਂ ਸਮੂਹ ਸਕੀਮਾਂ ਦਾ ਲਾਭ ਅਤੇ ਜਾਣਕਾਰੀ ਲੋਕਾਂ ਨੂੰ ਦੇਣ, ਵਿਦਿਆਰਥੀਆਂ ਦੇ ਵਿਕਾਸ ਲਈ ਯਤਨਸ਼ੀਲ ਰਹਿਣ ਉਹਨਾਂ ਸਤੰਬਰ



ਪ੍ਰੀਖਿਆਵਾਂ ਲਈ ਅਤੇ ਸੀ.ਈ.ਪੀ ਲਈ ਵੱਧ ਤੋਂ ਵੱਧ ਮਿਹਨਤ ਵਿਦਿਆਰਥੀਆਂ ਨੂੰ ਕਰਵਾਉਣ ਲਈ ਸੰਦੇਸ਼ ਦਿੱਤਾ, ਇਸ ਮੌਕੇ ਤੇ ਉਪ- ਜਿਲਾ ਸਿੱਖਿਆ ਅਫਸਰ ਨੈਸ਼ਨਲ ਅਵਾਰਡੀ ਡਾ. ਬਰਜਿੰਦਰਪਾਲ ਸਿੰਘ ਨੇ ਕਿਹਾ ਕਿ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਿੱਖਿਆ ਵਿਭਾਗ ਸੈਕੰਡਰੀ ਜ਼ਿਲਾ ਬਰਨਾਲਾ ਤਨਦੇਹੀ ਨਾਲ ਨਾਲ ਕਾਰਜ ਕਰ ਰਿਹਾ ਹੈ ਕੰਪੀਟੈਂਸੀ ਇਨਹਾਂਸਮੈਂਟ ਪ੍ਰੋਗਰਾਮ (ਸੀ.ਈ.ਪੀ) ਦਾ ਕਾਰਜ ਬੜੀ ਤੇਜ਼ੀ ਨਾਲ ਅਤੇ ਵਧੀਆ ਤਰੀਕੇ ਨਾਲ ਜ਼ਿਲਾ ਪੱਧਰ ਤੇ ਚੱਲ ਰਿਹਾ ਹੈ। ਸਿੱਖਣ ਪ੍ਰਕਿਰਿਆ ਵਧਾਉਣ ਲਈ ਕਿਹਾ ਉਹਨਾਂ ਕਿਹਾ ਕਿ ਅਧਿਆਪਕਾਂ ਦਾ ਮੁੱਖ ਟੀਚਾ ਵਿਦਿਆਰਥੀ ਦਾ ਸਰਬਪੱਖੀ ਵਿਕਾਸ ਕਰਨਾ ਹੈ। ਸਿੱਖਿਆ ਦੇ ਨਾਲ ਵਿਦਿਆਰਥੀਆਂ ਨੂੰ ਸਹਿ- ਵਿਦਿਅਕ ਦੇ ਗਤੀਵਿਧੀਆਂ ਦੀ ਵੀ ਜਾਣਕਾਰੀ ਪ੍ਰਦਾਨ ਕੀਤੀ ਜਾਵੇ ਅਤੇ ਵੱਖ ਵੱਖ ਤਰ੍ਹਾਂ ਦੇ ਜਾਗਰੂਕ ਪ੍ਰੋਗਰਾਮ ਜੋ ਭਾਗ ਵੱਲੋਂ ਚਲਾਏ ਜਾਂਦੇ ਹਨ ਉਹਨਾਂ ਦੀ ਜਾਣਕਾਰੀ ਵਿਦਿਆਰਥੀਆਂ ਮਾਪਿਆਂ ਤੇ ਸਮਾਜ ਤੱਕ ਪਹੁੰਚਾਉਣ ਦਾ ਕਾਰਜ ਅਧਿਆਪਕ ਹੀ ਸਭ ਤੋਂ ਵਧੀਆ ਤਰੀਕੇ ਨਾਲ ਕਰ ਸਕਦੇ ਹਨ। ਇਸ ਮੌਕੇ ਤੇ ਉਹਨਾਂ ਨੇ ਰਾਜ ਪੱਧਰੀ ਪੁਰਸਕਾਰ ਪ੍ਰਾਪਤ ਅਧਿਆਪਕ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਤੇ ਪੀਏ ਟੂ ਜ਼ਿਲਾ ਸਿੱਖਿਆ ਅਫਸਰ ਮੈਡਮ ਮਨਜੀਤ ਬਾਵਾ, ਸੀਨੀਅਰ ਸੁਪਰਡੈਂਟ ਰੇਸ਼ਮ ਸਿੰਘ, ਸੀਨੀਅਰ ਲੀਗਲ ਐਡਵਾਈਜ਼ਰ ਐਡਵੋਕੇਟ ਮਨਪਾਲ ਸਿੰਘ, ਸੀਨੀਅਰ ਸਹਾਇਕ ਰਵਿੰਦਰ ਸ਼ਰਮਾ, ਐਮ.ਆਈ ਐਸ ਕੋਆਰਡੀਨੇਟਰ ਕਿਰਤੀ ਦੇਵ ਸ਼ਰਮਾ, ਮਨੂ ਸੱਗੂ, ਮੈਡਮ ਸ਼ਮਾ, ਗੁਰਪ੍ਰੀਤ ਭੱਟੀ, ਭਿੰਦਰ ਸਿੰਘ ,ਹਰਬੰਸ ਠੁਲੀਵਾਲ ਪ੍ਰਧਾਨ ਕਲਾਸ ਫੋਰ ਯੂਨੀਅਨ, ਜੂਨੀਅਰ ਸਹਾਇਕ ਅਵਤਾਰ ਸਿੰਘ ਭੈਣੀ ਮਹਿਰਾਜ, ਇੰਚਾਰਜ ਰੁਪਿੰਦਰਜੀਤ ਕੌਰ, ਯਸ਼ਪਾਲ ਗੁਪਤਾ ,ਰਿਸ਼ੀ ਸ਼ਰਮਾ ਹਾਜ਼ਰ ਸਨ।